# ਖ਼ਾਲੀ ਬੇੜੀਆਂ

*ਇਸੇ ਕਲਮ ਤੋਂ :*

| | |
|---|---|
| ਅਧੂਰੇ ਖ਼ਾਬ | (ਕਾਵਿ-ਸੰਗ੍ਰਹਿ) |
| ਬਰਫ਼ ਬਣਿਆ ਹਾਂ | (ਗ਼ਜ਼ਲ-ਸੰਗ੍ਰਹਿ) |
| ਫ਼ਾਸਲੇ | (ਗ਼ਜ਼ਲ-ਸੰਗ੍ਰਹਿ) |
| ਢਲ਼ਦੀ ਸ਼ਾਮ | (ਗ਼ਜ਼ਲ-ਸੰਗ੍ਰਹਿ) |

# ਖ਼ਾਲੀ ਬੇੜੀਆਂ

(ਗ਼ਜ਼ਲ ਸੰਗ੍ਰਹਿ)

**ਬਲਦੇਵ ਸੀਹਰਾ**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

*Khali Berhiaan*
***Ghazals by***
**Baldev Seehra** ©
4383 Boundary Rd, Abbotsford
B.C., CANADA V3G 2N3
Ph. (604) 823-6106, (604) 300-4017
Ph. (778) 808-3405
E-mail : baldev.seehra@worksafebc.com
& Crabs4755@gmail.com

**ISBN : 978-93-94682-38-2**
**Rs. 200/-**
**2022**
*Printed and Bound In India*

Published by
A Group of
**Chetna Parkashan**
PUNJABI BHAWAN, LUDHIANA - 141001 (Pb.) INDIA
KOTKAPURA | CANADA | USA
**Gulati Publishers Ltd**
# 111, 8312-128 Street Surrey B.C. - V3T2Z1
CANADA Ph : +1 604-750-0189
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com
Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan
**Follow us on : Instagram / Chetna_Parkashan**

**ਸਮਪਰਣ**

ਫਿਰ ਮਿਲਣ ਦੀ ਆਸ ਵਿਚ
ਗ਼ਜ਼ਲ ਮੰਚ ਸਰੀ ਕੈਨੇਡਾ – ਸਾਰੇ ਗ਼ਜ਼ਲਗੋਆਂ
ਅਤੇ
ਪੰਜਾਬੀ ਭਵਨ ਸਰੀ, ਕੈਨੇਡਾ – ਸੁੱਖੀ ਬਾਠ
ਤੇ
ਪੰਜਾਬੀ ਸਾਹਿਤ ਸਭਾ ਐਬੋਟਸਫੋਰਡ (ਰਜਿ.)
ਸੁਖਨਵਰਾਂ
ਦੇ
ਨਾਂ

# ਤਤਕਰਾ


| | | |
|---|---|---|
| ਸ਼ਾਇਰੀ ਦੀ ਫੁਲਕਾਰੀ | ਕ੍ਰਿਸ਼ਨ ਭਨੋਟ | 11 |
| ਸਿਰਜਣਾ ਦਾ ਇਕ ਨਿਰੰਤਰ ਵਗਦਾ ਦਰਿਆ- ਬਲਦੇਵ ਸੀਹਰਾ | ਰਾਜਵੰਤ ਰਾਜ | 17 |
| ਕੇਸਰ ਦਾ ਫੁੱਲ-ਬਲਦੇਵ ਸੀਹਰਾ | ਗੁਰਦਿਆਲ ਰੌਸ਼ਨ | 20 |
| ਬਲਦੇਵ ਦੀ ਗ਼ਜ਼ਲ ਗੋਈ | ਜਸਵਿੰਦਰ | 25 |
| ਮੇਰੇ ਵੱਲੋਂ | ਬਲਦੇਵ ਸੀਹਰਾ | 27 |

1. ਖ਼ਾਬ ਕੁਝ ਅੱਧੇ ਅਧੂਰੇ ਹੀ ਸਫ਼ਰ ਵਿਚ ਰਹਿ ਗਏ .......... 31
2. ਤੁਸੀਂ ਆਵੋ, ਹਮੇਸ਼ਾਂ ਯਾਦ ਆਉਂਦੀ ਹੈ ਤੁਹਾਡੀ .......... 32
3. ਗ਼ਜ਼ਲ ਵੀ ਚੀਜ਼ ਕੀ, ਹਰ ਵਕਤ ਅੱਖਰ ਟੋਲ਼ਦੇ ਰਹਿਣਾ .......... 33
4. ਗ਼ਜ਼ਲ ਮੇਰੀ ਨੂੰ ਕੋਈ ਸਾਜ਼ ਤੇ ਆਵਾਜ਼ ਦੇ ਰੱਬਾ .......... 34
5. ਕਿਨਾਰੇ ਖੁਰਨਗੇ ਕਿ ਨਾ ਇਹ ਹਰ ਕਤਰੇ ਨੇ ਪੁੱਛਿਆ ਹੈ ......... 35
6. ਲਿਖਣ ਭਾਵੇਂ ਨਾ ਜਾਣਾ ਮੇਨੂੰ ਵੀ ਸਨਮਾਨ ਦੇਵੋ ਜੀ .......... 36
7. ਦੇਵ ਦੇ ਅੰਦਰ ਇਕ ਬੰਦਾ ਹੋਰ ਵੀ ਵਸਦਾ ਹੈ .......... 38
8. ਕਦੇ ਉਸਤਾਦ ਅਪਣੇ ਤਾਲਿਬਾਂ ਤੋਂ ਅਗਮ ਨਾ ਹੁੰਦਾ .......... 39
9. ਕਿਸੇ ਦਾ ਦੁੱਖ ਦੇਖਣ ਤੇ ਵੀ ਜਿਹੜਾ ਨਰਮ ਨਾ ਹੁੰਦਾ .......... 41
10. ਗ਼ਜ਼ਲ ਵਿਚ ਤੂੰ ਰਿਹਾ ਸੀ ਟੋਲਦਾ ਪਰ ਮੈਂ ਕਹਾਣੀ ਵਿਚ ਸੀ ...... 42
11. ਨਦੀ ਬਣ ਕੇ ਕਿਨਾਰੇ ਖੋਰ ਦੇਵਾਂ .......... 43
12. ਖ਼ਾਬ ਸੀ ਪੂਰੇ ਮਗਰ ਤਾਬੀਰ ਅੱਧੀ ਰਹਿ ਗਈ .......... 44
13. ਤੂੰ ਜਦੋਂ ਮੇਰੇ ਰੂ ਬ ਰੂ ਹੋਣਾ .......... 46
14. ਦਿਲ ਲਗਾਇਆ ਸੀ ਪਰੰਤੂ ਕੁਝ ਨਾ ਹਾਸਿਲ ਹੋਇਆ .......... 47
15. ਗੱਲ ਉਸਦੀ ਦਾ ਕਦੇ ਵੀ ਮੈਂ ਗਿਲਾ ਕੀਤਾ ਨਹੀਂ .......... 48
16. ਤਿਰੀ ਦੁਨੀਆਂ 'ਚ ਆ ਕੇ ਵੀ ਇਹ ਸ਼ਰੀਅਤ ਮੈਂ ਨਹੀਂ ਕਰਦਾ ...... 49

17. ਬੜਾ ਹੀ ਚੈਨ ਹੈ ਹਲਚਲ ਦੇ ਹੁੰਦੇ ਹੋਏ ਵੀ .......... 51
18. ਚੁੱਪ ਕਰ ਕੇ ਹਰ ਕਿਸੇ ਉੱਤੇ ਕਰਾਂ ਇਤਬਾਰ ਮੈਂ ਨਾ .......... 52
19. ਨਫ਼ਰਤਾਂ ਤੂੰ ਆਪਣੇ ਦਿਲ 'ਚੋਂ ਭਜਾ ਕੇ ਦੇਖ ਲੈ .......... 53
20. ਖ਼ਲਿਸ਼ ਨਾ ਦਿਲ ਵਿੱਚ ਸੀ ਹਲਚਲ ਦੇ ਹੁੰਦੇ ਹੋਏ ਵੀ .......... 54
21. ਸਫ਼ਰ ਦੇ ਵਿੱਚ ਨਾ ਮਿਲਦਾ ਕਦੋਂ ਦੇ ਘਰ ਗਏ ਹੁੰਦੇ .......... 55
22. ਨਾ ਤੁਸੀਂ ਆਏ ਤੇ ਨਾ ਪੈਗ਼ਾਮ ਹੀ .......... 56
23. ਉਹ ਅੱਖਾਂ ਦੇ ਸਾਗਰ ਦੇ ਵਿਚ ਲੁਕਿਆ ਕੋਈ ਪਾਰਾ ਹੈ .......... 57
24. ਇਨ੍ਹਾਂ ਲਹਿਰਾਂ ਦਾ ਲੜ ਫੜਕੇ ਇਹ ਦਰਿਆ ਪਾਰ ਹੋ ਜਾਣਾ ....... 58
25. ਆਪਣਾ ਦਿਲ ਲਹੂ ਲਹੂ ਕਰਕੇ .......... 60
26. ਜੇ ਭੁਲਾ ਸਕਦਾ ਨਹੀਂ ਤਾਂ ਨਾ ਭੁਲਾ ਐ ਦੋਸਤਾ .......... 61
27. ਕਾਢਿਆਂ ਦੇ ਭੌਣ ਪੱਥਰ ਹੇਠ ਜਿਉਂ ਪਲ਼ਦੇ ਰਹੇ .......... 62
28. ਉਹ ਨਹੀਂ ਮੇਰਾ, ਮਗਰ ਉਸ ਨਾ' ਮੁਹੱਬਤ ਹੈ, ਤਾਂ ਕੀ ਹੋਇਆ ...... 63
29. ਕਿਸੇ ਦੇ ਦਿਲ ਨੂੰ ਜਿੱਤਣ ਦਾ ਹੁਨਰ ਹੌਲ਼ੀ ਹੌਲ਼ੀ .......... 64
30. ਜ਼ਿੰਦਗੀ ਦੇ ਨਾਲ ਨਾ ਏਨੀ ਮੁਹੱਬਤ ਦੇਵ ਚੰਗੀ .......... 65
31. ਕਿਤਾਬਾਂ ਵਿਚ ਜੋ ਲਿਖਿਆ ਪੜ੍ਹ ਲਿਆ ਪਰ ਕੁਝ ਨਹੀਂ ਹਾਸਿਲ ....... 66
32. ਖੱਟਿਆ ਕੀ ਮੈਂ ਜੁਸਤਜੂ ਕਰਕੇ .......... 67
33. ਦਿਲ 'ਚ ਕੋਈ ਆਰਜ਼ੂ ਤਾਂ ਕਰ .......... 68
34. ਜ਼ਿੰਦਗੀ ਤਾਂ ਇਕ ਅਜ਼ੀਅਤ* ਹੈ .......... 69
35. ਹਰ ਬੰਦਾ ਉਸਦੇ ਮਿਲਣੇ ਦੀ, ਜੀਵਨ ਭਰ ਆਸ਼ਾ ਰੱਖੇ .......... 70
36. ਛੱਡ ਨੈਣਾਂ ਨੂੰ ਕੁਈ ਸ਼ਸਤਰ ਬਦਲ ਕੇ ਦੇਖ ਲੈ .......... 72
37. ਯਾਰ ਏਨਾ ਵੀ ਮੁਹੱਬਤ ਵਿਚ ਰੁਆਉਂਦਾ ਕਿਉਂ ਰਹੇਂ .......... 73
38. ਕੁਸ਼ਾਸਨ ਕਰ ਗਿਆ ਨੁਕਸਾਨ ਹੋਣਾ ਹੋਰ ਕੀ ਹੋਣਾ .......... 74
39. ਅਜ਼ਲ ਤੋਂ ਹੀ ਚਲ ਰਿਹਾ ਜਜ਼ਬਾਤ ਦਾ ਸੰਗਰਾਮ ਹੈ .......... 75
40. ਬੀਤੇਗੀ ਦੇਵ ਉਮਰ ਉਹ ਦੇ ਇੰਤਜ਼ਾਰ ਵਿਚ .......... 76
41. ਤੁਰਨ ਸਾਰੇ ਮੁਸਾਫ਼ਰ ਬਸ ਸਫ਼ਰ ਦੇ ਵਾਸਤੇ .......... 77
42. ਅਜੇ ਰਸਤੇ 'ਚ ਆਉਣੇ ਪੀੜ ਦੇ ਕਿੰਨੇ ਨਗਰ ਬਾਕੀ .......... 78
43. ਮਹਿਫ਼ਲ ਅੰਦਰ ਆ ਕੇ ਬੈਠ ਗਿਆਂ, ਤੂੰ ਵੀ ਬਸ .......... 79
44. ਭੀੜ ਸੀ ਇਕ ਰਹਿਬਰਾਂ ਦੀ, ਫਿਰ ਸਹਾਰਾ ਕਿਉਂ ਨਾ ਮਿਲਿਆ ....... 80
45. ਆਪ ਅਪਣੇ ਆਪ ਦਾ ਕੁਝ ਤਾਂ ਖ਼ੁਲਾਸਾ ਦੇਵ ਕਰ .......... 81
46. ਅੱਜ ਦੀ ਇਹ ਸ਼ਾਮ ਕਿੰਨੀ ਖ਼ਾਸ ਹੈ .......... 82
47. ਜਲਣ, ਨਫ਼ਰਤ ਦਾ ਇਹ ਮੌਸਮ ਨਹੀਂ ਹੈ .......... 83
48. ਟੁੱਟਦਾ ਲਗਦਾ ਹੈ ਘੇਰਾ ਪਿਆਰ ਦੀ ਜ਼ੰਜੀਰ ਦਾ .......... 84
49. ਪਰਖ ਨਾ ਤੂੰ, ਕਿ ਪਰਖਣ ਨਾਲ ਤਾਂ ਅਪਣਾ ਨਹੀਂ ਲਗਦਾ ......... 85
50. ਸਿਰ ਝੁਕਾਓ ਤਾਂ ਇਹ ਪੱਥਰ ਦੇਵਤਾ ਹੋ ਜਾਇਗਾ .......... 86
51. ਇਹ ਮੇਰਾ ਬਿਰਹੜਾ ਸ਼ਬਦਾਂ ਦੇ ਵਿੱਚ ਲੁਕਦਾ ਰਿਹਾ .......... 87
52. ਕਰੋਂ ਜੇ ਇਸ਼ਕ ਤਾਂ ਹਾਲਤ ਬੜੀ ਗ਼ਮਗੀਨ ਹੁੰਦੀ ਹੈ .......... 88
53. ਚਾਹ ਸੀ ਕਿ ਜੀਵਨ 'ਚ ਇਕ ਸੋਹਣਾ ਜਿਹਾ ਮੰਜ਼ਰ ਮਿਲੇ .......... 89
54. ਦੇਸ਼ ਵਿਚ ਕਾਨੂੰਨ ਹੈ ਉਸਦੀ ਹਿਫ਼ਾਜ਼ਤ ਦੇ ਲਈ .......... 90
55. ਵਕਤ ਨੇ ਹੁਣ ਨਾਲ ਮੇਰੇ ਕੀਤੀਆਂ ਨੇ ਰੰਜਿਸ਼ਾਂ .......... 91
56. ਗ਼ਮ ਮੇਰੇ ਦੀ ਸਹਰ ਹੋਵੇ ਇਹ ਜ਼ਰੂਰੀ ਤਾਂ ਨਹੀਂ .......... 92
57. ਉਦਾਸੇ ਹਾਸਿਆਂ ਦੇ ਹੇਠ ਛੁਪੀਆਂ ਸਿਸਕੀਆਂ ਵੇਖੋ .......... 93
58. ਤੇਰੇ ਤਕ ਆਉਣ ਤੋਂ ਬਿਹਤਰ ਨਹੀਂ ਮੇਰਾ ਸਫ਼ਰ ਕੋਈ .......... 94
59. ਕਦੇ ਵੀ ਨ੍ਹੇਰਿਆਂ ਦੀ ਬਾਦਸ਼ਾਹਤ ਤੋਂ ਨਹੀਂ ਡਰਦਾ .......... 95
60. ਜਦੋਂ ਵੀ ਸੋਚਿਆ ਕਿ ਫੁੱਲ ਤੋਂ ਖ਼ੁਸ਼ਬੂ ਮਿਲੇ ਮੈਨੂੰ .......... 96
61. ਨ੍ਹੇਰਿਆਂ ਦੀ ਲੀਕ ਨੂੰ ਹੀ ਰੌਸ਼ਨੀ ਸਮਝੀ ਗਿਆ .......... 97
62. ਉਹ ਨਫ਼ਰਤ ਨਾਲ ਆਇਆ ਜਾਂ ਮੁਹੱਬਤ ਨਾਲ ਆਇਆ ਹੈ .......... 98
63. ਆਉਣ ਦੇ ਆਉਂਦੀ ਜੋ ਮੁਸ਼ਕਿਲ ਦਿਲ 'ਚ ਰੱਖੀਂ ਹੌਸਲਾ .......... 99
64. ਕਿੰਝ ਲੋਕੋ ਕਹਿ ਦਿਆਂ ਕੇ ਪਿਆਰ ਵਿਚ ਧੋਖਾ ਨਹੀਂ .......... 100

65. ਤੁਰ ਪਿਆ ਕਿਰਸਾਨ ਅੱਜਕੱਲ੍ਹ, ਹੱਕ ਮਨਾਉਣੇ ਦੇ ਲਈ .......... 101
66. ਦੇਖ ਕੇ ਹਰ ਚੋਜ਼ ਉਸ ਦਾ ਮੁਸਕਰਾ ਤੂੰ ਦੇਵ ਹੁਣ .......... 102
67. ਸਿੰਜਿਆਂ ਜੋ ਬਿਰਖ ਉਹ ਪਾਲਣ ਤੇ ਮੌਲਣ ਦੇ ਲਈ .......... 103
68. ਅਜੇ ਰਹਿੰਦੀ ਹੈ ਮੇਰੀ ਸਿਰਜਣੀ ਸੋਹਣੀ ਗ਼ਜ਼ਲ ਬਾਕੀ .......... 105
69. ਉਦਾਸੇ ਗੀਤ ਗਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ .......... 106
70. ਕਰ ਲਵਾਂਗਾ ਮੈਂ ਜਮਾ ਦੌਲਤ ਤੇ ਜਰ, ਤਾਂ ਉਸ ਤੋਂ ਪਿੱਛੋਂ ਕੀ .......... 107
71. ਤੈਨੂੰ ਉਡੀਕਦਾ ਮੈਂ ਰੋਹੀ 'ਚ ਸੁੱਕਿਆ ਰੁੱਖ .......... 108
72. ਉਗਮਣ ਅਸਤਣ ਦੀ ਕਿਰਿਆ ਦਾ ਭੋਗਣਹਾਰਾ ਬਣ ਜਾਣਾ .......... 109
73. ਮੈਂ ਰੋਇਆ ਉਮਰ ਭਰ ਸੱਜਣਾਂ ਤੇਰੇ ਇਨਕਾਰ ਤੋਂ ਮਗਰੋਂ .......... 110
74. ਰੁੱਸਿਆ ਫਿਰਦਾ ਹਵਾਵਾਂ ਦੇ ਚਲਨ ਤੋਂ ਫੇਰ ਅੱਜ .......... 111
75. ਇਵੇਂ ਮੇਰੇ ਕਤਲ ਦੇ ਦੋਸ਼ ਤੋਂ ਉਹ ਸੀ ਬਰੀ ਹੋਇਆ .......... 112
76. ਇਹ ਕੰਮ ਲਗਦੈ ਕਜ਼ਾ ਤੋਂ ਬਾਅਦ ਹੋਣਾ .......... 113
77. ਓਦਰੇ ਚਿਹਰੇ ਤੇ ਕੁਛ ਹਾਸੇ ਸਜਾਉਣੇ ਦੇ ਲਈ .......... 114
78. ਦੇਰ ਤੋਂ ਮੈਨੂੰ ਕਦੇ ਆਇਆ ਨਜ਼ਰ ਨਾ ਯਾਰ .......... 115
79. ਰੋਜ਼ ਹੀ ਮੈਂ ਅਪਣੀਆਂ ਰੀਝਾਂ ਨੂੰ ਜਲਦਾ ਦੇਖ ਕੇ .......... 116
80. ਮੁਹੱਬਤ ਵਿਚ ਬਹਾਨੇ ਮਾਰਨੇ ਚੰਗੇ ਨਹੀਂ ਲਗਦੇ .......... 117
81. ਪਿਆਰ ਨੇ ਮੈਨੂੰ ਸ਼ੁਦਾਈ ਤਾਂ ਬਣਾ ਦਿੱਤਾ ਹੈ .......... 118
82. ਕਿਵੇਂ ਮੈਂ ਮੁਸਕਰਾ ਸਕਦਾਂ ਕਦੀ, ਕੋਈ ਵਜ੍ਹਾ ਦੱਸੋ .......... 119
83. ਸਿੱਲ੍ਹੀਆਂ ਤੇ ਬਿਰਧ ਅੱਖਾਂ ਨੂੰ ਨਾ ਹੁਣ ਪੂਝੇ ਕੋਈ .......... 120
84. ਮਾੜੀ ਮੋਟੀ ਗੱਲ ਅਪਣੇ ਦਿਲ ਤੇ ਲਾ ਕੇ ਬਹਿ ਗਇਓਂ .......... 121
85. ਖ਼ਾਬ ਹਮੇਸ਼ਾ ਲਾਉਣ ਉਡਾਰੀ ਅੱਖਾਂ ਵਿਚ .......... 122
86. ਦੇਵ ਇਹ ਸ਼ਿਕਵਾ ਰਹੇਗਾ ਆਪਣੀ ਤਕਦੀਰ ਤੋਂ .......... 123
87. ਜਜ਼ਬੇ ਤੂੰ ਸ਼ੌਕ ਵਾਲ਼ੇ ਭਾਵੇਂ ਹਜ਼ਾਰ ਰੱਖੀਂ .......... 124
88. ਵਕਤ ਦੀ ਕਾਪੀ ਚੋਂ ਸਾਰੇ ਹਸ਼ੀਏ ਬਦਲੇ .......... 125
89. ਮੁਹੱਬਤ ਮੇਰੀ ਦਾ, ਬਸ ਆਖ਼ਰੀ ਹਾਸਲ, ਤੂੰ ਹੀ ਤਾਂ ਸੀ .......... 126
90. ਯਾਰ ਸਾਰੇ ਹੀ ਜ਼ਮਾਨੇ ਤੋਂ ਨਿਰਾਲੇ ਖ਼ਤ ਤੇਰੇ .......... 128

## ਸ਼ਾਇਰੀ ਦੀ ਫੁਲਕਾਰੀ

ਬਲਦੇਵ ਸੀਹਰਾ, ਹੁਣ ਗ਼ਜ਼ਲ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਪਿਛਲੇ ਕੁਝ ਸਮੇਂ ਵਿਚ ਹੀ ਉਸਦੇ ਤਿੰਨ ਗ਼ਜ਼ਲ -ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਨੇ। ਖ਼ਾਸ ਤੌਰ 'ਤੇ ਕਨੇਡਾ 'ਚ ਲਿਖੀ ਜਾ ਰਹੀ ਗ਼ਜ਼ਲ ਉਸਦੇ ਜ਼ਿਕਰ ਬਿਨਾਂ ਅਧੂਰੀ ਹੈ।

ਭਾਵੇਂ ਉਸਨੇ ਆਪਣੀ ਉਮਰ ਦੇ ਛੇਵੇਂ ਤੇ ਸਤਵੇਂ ਦਹਾਕੇ ਵਿਚ ਗ਼ਜ਼ਲ ਖੇਤਰ ਵਿਚ ਇਸ ਮੁਸ਼ਕਲ ਕਹੇ ਜਾਣ ਵਾਲੇ ਕਾਵਿ-ਰੂਪ ਦੀ ਸ਼ੁਰੂਆਤ ਕੀਤੀ , ਪਰ ਉਹ ਬੇਹੱਦ ਸਿਰੜ ਨਾਲ਼ ਗ਼ਜ਼ਲ ਦੀਆਂ ਤਕਨੀਕੀ ਬਾਰੀਕੀਆਂ ਨੂੰ ਸਮਝਣ ਤੇ ਨਿਭਾਉਣ ਵਿਚ ਬਹੁਤ ਹੱਦ ਤੀਕ ਸਫ਼ਲ ਹੋਇਆ ਹੈ।

ਉਹ ਫ਼ਕੀਰਾਨਾ ਸੁਭਾਅ ਦਾ ਮਾਲਿਕ ਹੈ। ਉਸਦੀ ਕਹਿਣੀ ਤੇ ਕਰਨੀ 'ਚ ਸਮਾਨਤਾ ਹੈ, ਇਹ ਦਰਵੇਸ਼ੀ ਹਰ ਕਿਸੇ ਦਾ ਨਸੀਬ ਨਹੀਂ ਬਣਦੀ। ਇਹੋ ਕਾਰਣ ਹੈ ਕਿ ਉਹ ਇੱਕ ਬੇਹੱਦ ਸਹਿਜ, ਸੁਹਿਰਦ, ਸੰਵੇਦਨਸ਼ੀਲ, ਸੂਖਮ, ਸਾਦਗੀ-ਪਸੰਦ, ਸਰਲ ਸੁਭਾਓ, ਸਨਿਮਰ, ਸੁਚੇਤ, ਸੂਹਜ-ਸਿਆਣਪ ਵਾਲੇ ਤੇ ਸੁਚੱਜੀ, ਸ਼ਖਸ਼ੀਅਤ ਹੈ। ਉਸਦੀ ਸ਼ਾਇਰੀ ਵਿਚ, ਚੰਦਨ ਮਹਿਕਦਾ ਹੈ, ਦੁਪਹਿਰ-ਖਿੜੀ ਖਿੜਦੀ ਹੈ, ਝਰਨੇ ਕਲ-ਕਲ ਕਰਦੇ ਨੇ, ਕੋਇਲ ਕੂਕਦੀ ਹੈ, ਚਿੜੀਆਂ ਚਹਿਕਦੀਆਂ ਨੇ, ਤਿਤਲੀਆਂ, ਭੌਰ ਉਡਾਰੀ ਭਰਦੇ ਨੇ, ਯਾਦਾਂ ਦੇ ਜੁਗਨੂੰ ਜਗਦੇ-ਬੁਝਦੇ ਨੇ।

ਸ਼ਾਇਰੀ ਦੀ ਫੁਲਕਾਰੀ 'ਚੋਂ ਸੁਪਨੇ, ਸਧਰਾਂ, ਸ਼ੋਖੀਆਂ, ਸ਼ਰਾਰਤਾਂ, ਸ਼ਿਕਵੇ, ਸ਼ਿਕਾਇਤਾਂ, ਸੰਗ-ਸ਼ਰਮ, ਸੰਕੋਚ, ਸੰਵੇਦਨਾ, ਸੁਹੱਪਣ, ਸੂਖਮਤਾ, ਸਰਲਤਾ, ਸਹਿਜਤਾ,

ਸੰਜੀਦਗੀ, ਸੁੱਚਮਤਾ, ਸੁਚੱਜਤਾ, ਸੁਰਮਈ, ਸੰਧੂਰੀ, ਸੂਹੇ, ਰੰਗਾਂ ਦੀ ਝਲਕ ਮਿਲਦੀ ਹੈ। ਉਸਨੇ ਆਪਣੀ ਸ਼ਾਇਰੀ ਦੀ ਫੁਲਕਾਰੀ, ਭਾਵਨਾਵਾਂ, ਭਾਵਕਤਾ, ਚਾਅ, ਰੀਝਾਂ, ਸੰਯੋਗ, ਵਿਯੋਗ, ਦੂਰੀਆਂ, ਨਜ਼ਦੀਕੀਆਂ, ਤਨਹਾਈਆਂ, ਹਮਦਰਦੀਆਂ, ਖਾਮੋਸ਼ੀਆਂ, ਮਜਬੂਰੀਆਂ, ਤੰਗੀਆਂ, ਤੁਰਸ਼ੀਆਂ ਦੇ ਰੰਗੀਨ ਧਾਗਿਆਂ ਨਾਲ਼ ਕੱਢੀ ਹੈ।

ਉਸਦੀ ਦੀ ਪੈਨੀ ਤੇ ਤੀਖਣ ਨੀਝ, ਬੂੰਦ 'ਚੋਂ ਸਾਗਰ ਦੇ ਦੀਦਾਰ ਕਰ ਲੈਂਦੀ ਹੈ, ਉਹ ਸੁਰਤੀ ਤੋਂ ਬਿਰਤੀ ਤੀਕ ਪਹੁੰਚਣ ਦਾ ਅਭਿਆਸੀ ਹੈ। ਉਹ ਰਿਸ਼ਤਿਆਂ ਦੇ ਤਾਲੇ ਖੋਲ੍ਹਣ ਦੀ ਮੁਹਾਰਤ ਰੱਖਦਾ ਹੈ, ਸ਼ਬਦਾਂ ਦੀ ਆਰਤੀ ਉਤਾਰਨਾ ਉਸਦਾ ਇਸ਼ਟ ਹੈ, ਉਹ ਆਪਣੀ ਸ਼ਾਇਰੀ ਦੇ ਨਸ਼ਤਰ ਨਾਲ਼ ਇਨਸਾਨੀਅਤ ਤੇ ਲੱਗੇ ਜ਼ਖਮਾਂ ਦੀ ਚੀਰ-ਫ਼ਾੜ ਕਰਕੇ, ਉਹਨਾਂ ਨੂੰ ਤੰਦਰੁਸਤ ਕਰਨ ਦੀ ਇੱਛਾ ਰੱਖਦਾ ਹੈ, ਜਿਹੜੀ ਹਮੇਸ਼ਾਂ ਦੀਨਾਂ ਤੇ ਨਿਆਸਰਿਆਂ ਦੇ ਨਾਲ਼ ਖੜ੍ਹਦੀ ਹੈ- ਉਸਦੀ ਬਰੀਕ ਨੀਝ ਕੁਦਰਤ 'ਚੋਂ ਕਾਦਰ ਦੇ ਦੀਦਾਰ ਕਰ ਲੈਂਦੀ ਹੈ।

ਬਲਦੇਵ ਸੀਹਰਾ ਅਗਾਂਹਵਧੂ ਤੇ ਸਾਰਥਿਕ ਵਿਚਾਰਾਂ ਵਾਲ਼ਾ ਸ਼ਾਇਰ ਹੈ। ਉਹ ਜ਼ਿੰਦਗੀ ਦੀਆਂ ਵਿਸੰਗਤੀਆਂ, ਵਿਪਰੀਤੀਆਂ ਤੇ ਸਮਾਜਿਕ ਅਸੰਤੁਲਣ ਦੇ ਕਾਰਣਾਂ ਨੂੰ ਭਲੀਭਾਂਤ ਸਮਝਦਾ ਹੈ। ਉਹ ਉਦਾਸ ਜ਼ਰੂਰ ਹੈ, ਪਰ ਨਿਰਾਸ਼ ਨਹੀਂ ਕਿਉਂਕਿ ਉਹ ਨਿਰੰਤਰ ਸੰਘਰਸ਼ ਵਿਚ ਯਕੀਨ ਰੱਖਦਾ ਹੈ। ਅਨੇਕਾਂ, ਮੁਸ਼ਕਲਾਂ, ਮਜਬੂਰੀਆਂ, ਮਾਯੂਸੀਆਂ ਦੇ ਬਾਵਜੂਦ ਉਹ ਸਿਦਕ, ਸਿਰੜ, ਸੱਚ ਦਾ ਦਾਮਨ ਹੱਥੋਂ ਨਹੀਂ ਜਾਣ ਦਿੰਦਾ, ਉਸਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਹੈ, ਕਿੰਨੀਆਂ ਵੀ ਮਜਬੂਰੀਆਂ, ਰੁਕਾਵਟਾਂ, ਮੁਸ਼ਕਲਾਂ, ਦੁਸ਼ਵਾਰੀਆਂ ਹੋਣ ਉਹ ਨਿਰਾਸ ਨਹੀਂ ਹੁੰਦਾ-

*ਆਉਣ ਦੇਹ ਆਉਂਦੀ ਜੁ ਮੁਸ਼ਕਲ ਦਿਲ 'ਚ ਰੱਖੀਂ ਹੌਸਲਾ,*
*ਲੱਭ ਪਊ ਬੇੜੀ ਨੂੰ ਸਾਹਿਲ, ਦਿਲ 'ਚ ਰੱਖੀਂ ਹੌਸਲਾ।*

*ਸੁਨਹਿਰੀ ਖ਼ਾਬ ਜਿਹੜਾ ਦੇਖਿਆ ਸੀ ਮੈਂ ਕਦੇ ਸੱਜਣਾ,*
*ਅਸੰਭਵ ਤਾਂ ਨਹੀਂ ਉਸ ਖ਼ਾਬ ਦਾ ਸਾਕਾਰ ਹੋ ਜਾਣਾ।*

ਝੱਖੜ 'ਚ ਚਿਰਾਗ਼ ਬਾਲਣਾ ਤੇ ਵਹਿਣ ਦੇ ਉਲਟਾ ਤਰਨਾ, ਉਸਦੀ ਤਬੀਅਤ ਵਿਚ ਸ਼ਾਮਿਲ ਹੈ, ਭਾਵੇਂ ਇਸ ਵਾਸਤੇ ਕਿੰਨਾ ਵੀ ਮੁੱਲ ਕਿਉਂ ਨਾ ਚੁਕਾਉਣਾ ਪਵੇ। ਮੁਹੱਬਤ ਉਸਦੀ ਸ਼ਾਇਰੀ ਦਾ ਭਾਵੇਂ ਕੇਂਦਰੀ ਧੁਰਾ ਹੈ ਪਰ ਉਸਦੀ



ਸ਼ਾਇਰੀ ਦਾ ਦਾਇਰਾ, ਸਮਾਜਿਕ, ਰਾਜਨੀਤਕ, ਆਰਥਿਕ, ਮਨੋਵਿਗਿਆਨਕ, ਧਾਰਮਿਕ, ਸੰਦਰਭਾਂ ਤੀਕ ਪਸਰਿਆ ਹੋਇਆ ਹੈ, ਏਸਦੀ ਗਵਾਹੀ ਉਹਦੇ ਸ਼ਿਅਰਾਂ 'ਚੋਂ ਮਿਲ ਜਾਂਦੀ ਹੈ। ਮਿਸਾਲ ਵਜੋਂ ਕੁਝ ਸ਼ਿਅਰ ਸਾਂਝੇ ਕਰਦੇ ਹਾਂ-

*ਤੂੰ ਜਦੋਂ ਮੇਰੇ ਰੂਬਰੂ ਹੋਣਾ,*
*ਜ਼ਿੰਦਗੀ ਨੇ ਉਦੋਂ ਸ਼ੁਰੂ ਹੋਣਾ।*

*ਗ਼ਿਲੇ, ਸ਼ਿਕਵੇ ਹਜ਼ਾਰਾਂ ਹੋਣ ਭਾਵੇਂ ਯਾਰ ਅਪਣੇ ਨਾਲ਼,*
*ਇਹ ਰਿਸ਼ਤਾ ਪਿਆਰ ਦਾ ਸੌ ਜਨਮ ਤੀਕਰ ਖਤਮ ਨਾ ਹੁੰਦਾ।*

*ਭਲਾ ਕਿਉਂ ਅੰਨਦਾਤਾ ਮਰ ਰਿਹਾ ਸਲਫ਼ਾਸ ਖਾ ਖਾ ਕੇ,*
*ਕਿ ਹਰ ਵੇਲ਼ੇ ਹੀ ਪਟਵਾਰੀ ਨੂੰ ਇਹ ਖਸਰੇ ਨੇ ਪੁੱਛਿਆ ਹੈ।*

*ਕਿਸੇ ਨੂੰ ਕਤਲ ਕਰਨੇ ਦੀ ਇਜ਼ਾਜ਼ਤ ਮਜ਼ਹਬ ਨਾ ਦਿੰਦਾ,*
*ਕਦੇ ਇਨਸਾਨੀਅਤ ਨੂੰ ਖਤਮ ਕਰਨਾ ਧਰਮ ਨਾ ਹੁੰਦਾ।*

*ਕਿਤੇ ਜਦ ਜ਼ੁਲਮ ਵਧ ਜਾਂਦੈ ਤਾਂ ਇਹ ਮੁਮਕਿਨ ਹੈ ਫਿਰ ਕਵੀਓ,*
*ਜ਼ਰੂਰੀ ਹੈ ਕਲਮ ਅਪਣੀ ਦਾ ਫਿਰ ਤਲਵਾਰ ਹੋ ਜਾਣਾ।*

*ਹੁਣ ਤਾਂ ਰਿਸ਼ਤੇ ਵੀ ਨੇ ਮਤਲਬ ਦੇ,*
*ਗਰਜ਼ ਹੈ ਜਾਂ ਜ਼ਰੂਰਤ ਹੈ।*

*ਭਾਲ਼ੀਏ ਕਿੱਥੋਂ ਉਹ ਰਾਹਬਰ ਜੋ ਦਿਖਾਵੇ ਰਾਸਤਾ,*
*ਰਾਹਬਰਾਂ ਦੀ ਥਾਂ ਤੇ ਹਰ ਪਾਸੇ ਹੀ ਬਾਜ਼ੀਗਰ ਮਿਲੇ।*

*ਧਰਮ ਉੱਤੇ, ਜ਼ਾਤ ਉੱਤੇ, ਰੰਗ ਉੱਤੇ ਵੰਡਦੈ,*
*ਕੀ ਨਹੀਂ ਕਰਦਾ ਉਹ ਲੋਕਾਂ ਨੂੰ ਡਰਾਉਣੇ ਦੇ ਲਈ।*

*ਬੇਥਵੀ ਇਕ ਦੌੜ ਹੈ, ਤੇ ਸਾਰੇ ਅੱਗੇ ਦੌੜਦੇ,*
*ਸਭ ਅਗਾਂਹ ਨੂੰ ਦੇਖਦੇ, ਪਿੱਛੇ ਹੀ ਨਾ ਦੇਖੇ ਕੁਈ।*

*ਦੂਰ ਤੋਂ ਹੀ ਫੋਨ ਕਰਦੇ, ਭੇਜਦੇ ਮੈਸੇਜ ਵੀ ਨੇ*
*ਹਾਲ ਮਾਂ ਦਾ ਕੋਲ਼ ਆ ਕੇ ਨਾ ਕਦੇ ਜਾਣੇ ਕੁਈ।*

*ਹੋ ਕੇ ਬੇ-ਵਤਨਾ ਉਹ ਉਲਝਣ ਵਿਚ ਮਰਨਾ ਲੋਚਦੈ,*
*ਹਰ ਖ਼ੁਸ਼ੀ ਮਿਲਦੀ ਸੀ ਘਰ, ਮੁਸ਼ਕਲ ਦੇ ਹੁੰਦੇ ਹੋਏ ਵੀ।*

ਸੋ ਤੁਸੀਂ ਮਹਿਸੂਸ ਕਰ ਸਕਦੇ ਓ ਕਿ ਬਲਦੇਵ ਸੀਹਰਾ ਜੀਵਨ ਦੇ ਹਰ ਖੇਤਰ ਨੂੰ ਅਪਣੇ ਕਲਾਵੇ 'ਚ ਲੈਂਦਾ ਹੈ। ਗ਼ਜ਼ਲ -ਵਿਧਾ ਇਕ ਅਜੇਹੀ ਵਿਧਾ ਹੈ, ਜਿਸ ਵਿਚ ਰੂਪਕ-ਪੱਖ ਯਾਨੀ ਗ਼ਜ਼ਲ ਦਾ ਵਿਧੀ-ਵਿਧਾਨ ਵੀ ਓਨੀ ਹੀ ਮਹੱਤਤਾ ਰੱਖਦਾ ਹੈ, ਜਿੰਨੇ ਕਿ ਖ਼ਿਆਲ। ਇਲਮ-ਅਰੂਜ਼ ਦੀ ਜਾਣਕਾਰੀ ਰੱਖਣੀ ਤੇ ਇਸਨੂੰ ਬਾ-ਖ਼ੂਬੀ ਨਿਭਾਉਣਾ, ਇਕ ਗ਼ਜ਼ਲ -ਗੋ ਵਾਸਤੇ ਨਿਹਾਇਤ ਜ਼ਰੂਰੀ ਹੈ। ਖ਼ੁਸ਼ੀ ਦੀ ਗੱਲ ਹੈ ਕਿ ਸ਼ਾਇਰ, ਇਲਮ- ਅਰੂਜ਼ ਬਾਰੇ ਬਾ-ਖ਼ੂਬੀ ਜਾਣਦੇ ਹਨ, ਤੇ ਉਹਨਾਂ ਦੀ ਗ਼ਜ਼ਲਾਂ ਬਹਿਰ-ਵਜ਼ਨ ਤੇ ਖ਼ਰੀਆਂ ਉਤਰਦੀਆਂ ਨੇ।

ਹਥਲੇ ਗ਼ਜ਼ਲ ਸੰਗ੍ਰਹਿ "ਖ਼ਾਲੀ ਬੇੜੀਆਂ" ਵਿਚ ਉਸਨੇ ਸਾਲਿਮ ਬਹਿਰਾਂ (ਜਿਹੜੀਆਂ ਇਕ ਰੁਕਨ ਦੁਹਰਾਉਣ ਨਾਲ਼ ਬਣਦੀਆਂ ਨੇ) ਨਿਭਾਉਣ ਦੇ ਨਾਲ਼ ਨਾਲ਼ ਮੁਫ਼ਰਦ ਬਹਿਰਾਂ, (ਜਿਹੜੀਆਂ ਦੋ ਰੁਕਨਾਂ ਦੇ ਮੇਲ ਤੋਂ ਬਣਦੀਆਂ ਨੇ) ਸਫ਼ਲਤਾ ਸਹਿਤ ਨਿਭਾਈਆਂ ਨੇ। ਇਨ੍ਹਾਂ ਦਾ ਵਿਸਤਾਰ ਦੇਣ ਦੀ ਮੈਂ ਜ਼ਰੂਰਤ ਨਹੀਂ ਸਮਝਦਾ। ਕਿਉਂਕਿ ਪਾਠਕ ਪੜ੍ਹਕੇ ਆਪ ਹੀ ਨਿਰਣਾ ਕਰ ਸਕਦੇ ਨੇ।

ਗ਼ਜ਼ਲ ਗੋ ਨੇ ਸਿਰਫ਼ ਬਹਿਰ ਵਜ਼ਨ ਦੀ ਪੂਰਤੀ ਹੀ ਨਹੀਂ ਕਰਨੀ ਹੁੰਦੀ, ਸਗੋਂ ਉਸਨੂੰ, ਫ਼ਨ ਏ ਸ਼ਾਇਰੀ, ਸਗੋਂ ਸ਼ਿਅਰਾਂ ਦੇ ਗੁਣਾਂ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਗ਼ਜ਼ਲ ਦੇ ਸ਼ਿਅਰਾਂ ਵਿਚ ਜ਼ੁਬਾਨਦਾਨੀ, ਅੰਦਾਜ਼ ਏ ਬਿਆਨ, ਤਕਾਬੁਲ, ਤਕਰਾਰ, ਤਜ਼ਾਦ, ਸਿਲਾਸਿਤ, ਮੁਬਾਲਗਾ, ਟੁਕੜੀਆਂ ਦੀ ਵਰਤੋਂ, ਮੰਜ਼ਰਕਸ਼ੀ ਆਦਿ ਗੁਣ ਵੀ ਹੋਣੇ ਜ਼ਰੂਰੀ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਉਹ ਆਪਣੇ ਸ਼ਿਅਰਾਂ ਨੂੰ ਖ਼ੂਬਸੂਰਤ ਬਣਾ ਸਕਦਾ ਹੈ। ਬਲਦੇਵ ਸੀਹਰਾ ਵੀ ਏਸ ਪ੍ਰਤੀ ਜਾਗਰੂਕ ਹੈ, ਉਸਦੇ ਸ਼ਿਅਰਾਂ ਵਿਚ ਅਨੇਕਾਂ ਕਾਵਿਕ ਗੁਣ ਦ੍ਰਿਸ਼ਟੀਗੋਚਰ ਹੁੰਦੇ ਨੇ, ਮਿਸਾਲ ਵਜੋਂ ਕੁਝ ਸ਼ਿਅਰ ਸਾਂਝੇ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ-



*ਫੁੱਲਾਂ ਦੇ ਹਿੱਸੇ 'ਚ ਆਏ ਖਾਰ ਹੀ,*
*ਫੁੱਲ ਵੀ ਤਾਂ ਰਹਿ ਗਏ ਨਾਕਾਮ ਹੀ। (ਤਜ਼ਾਦ)*

*ਮੈਂ ਮੰਦਰ ਵਿੱਚ ਜਾ ਕੇ ਮਾਰਦਾ ਵਾਜ਼ਾਂ ਰਿਹਾ ਕਿੰਨੀਆਂ,*
*ਨਹੀਂ ਜੋ ਬੋਲਦਾ ਭਗਵਾਨ ਹੋਣਾ, ਹੋਰ ਕੀ ਹੋਣਾ।*

*ਕਿਤੇ ਮੇਰੀ ਇਹ ਫੇਰੀ ਹੀ ਨਾ ਸੁੱਕੀ ਲੰਘ ਜਾਵੇ ਹੁਣ,*
*ਮੈਂ ਗਲ਼ ਤਮਗਾ ਹੈ ਪਾਣਾ, ਮੈਨੂੰ ਵੀ ਸਨਮਾਨ ਦੇਵੋ ਜੀ -(ਵਿਅੰਗ)*

*ਖ਼ੁਦ ਨ ਕਰਦੇ ਨੇ ਗ਼ੁਫ਼ਤਗੂ ਅਕਸਰ,*
*ਖ਼ੁਦ ਉਹ ਸ਼ੀਸ਼ੇ ਨੂੰ ਰੂਬਰੂ ਕਰ ਕੇ। (ਸ਼ੋਖੀ)*

*ਮੈਂ ਤਾਂ ਗੌਤਮ ਵਾਂਗ ਤੈਨੂੰ ਛੱਡਕੇ ਨਾ ਜਾ ਸਕਾਂ,*
*ਏਸ ਦੀਵਾਨੇ ਦੇ ਦਿਲ ਵਿਚ ਚੱਲ ਰਿਹਾ ਘਮਸਾਨ ਹੈ। (ਤਲਮੀਹ)*

*ਧਰਮ ਉੱਤੇ, ਜ਼ਾਤ ਉੱਤੇ, ਰੰਗ ਉੱਤੇ ਵੰਡਦੈ,*
*ਕਿ ਨਹੀਂ ਕਰਦਾ ਉਹ ਲੋਕਾਂ ਨੂੰ ਡਰਾਉਣੇ ਵਾਸਤੇ। (ਟੁਕੜੀਆਂ)*

*ਉਮਰ ਭਰ ਬਸ ਉਹ ਤਾਂ ਪਰਛਾਵੇਂ ਹੀ ਫ਼ੜਦਾ ਰਹਿ ਗਿਆ,*
*ਗੋਦੜੀ ਵਿਚ ਹੀ ਰਿਹਾ ਮਖ਼ਮਲ ਦੇ ਹੁੰਦੇ ਹੋਏ ਵੀ।*

*ਹੁਣ ਤਾਂ ਰਿਸ਼ਤੇ ਵੀ ਨੇ ਮਤਲਬ ਦੇ,*
*ਗਰਜ਼ ਹੈ ਜਾਂ ਜ਼ਰੂਰਤ ਹੈ। (ਹਕੀਕਤ-ਬਿਆਨੀ)*

*ਹਵਾ ਦੀਵੇ ਬੁਝਾਉਣੇ ਦੀ ਕਰੇ ਕਿੰਨੀ ਵੀ ਕੋਸ਼ਿਸ਼ ਪਰ,*
*ਬੁਝੇ ਦੀਵੇ ਬੁਝਾਉਣੇ ਦਾ ਹੁਨਰ ਮੈਨੂੰ ਵੀ ਆਉਂਦਾ ਹੈ। (ਤਕਰਾਰ)*

ਸੋ ਉਪਰੋਕਤ ਸ਼ਿਅਰ ਇਸ ਗੱਲ ਦਾ ਪ੍ਰਮਾਣ ਹਨ ਕਿ ਸ਼ਾਇਰ ਸਿਰਫ਼ ਬਹਿਰ ਵਜ਼ਨ ਦੀ ਪੂਰਤੀ ਹੀ ਨਹੀਂ ਕਰਦਾ ਸਗੋਂ ਉਹ ਸ਼ਿਅਰੀ ਖ਼ੂਬੀਆਂ ਨੂੰ ਵੀ ਭਲੀ-ਭਾਂਤ ਸਮਝਦਾ ਹੈ ।ਉਹ ਸੁਰਮਾ ਪਾਉਣਾ ਹੀ ਨਹੀਂ ਜਾਣਦਾ, ਮਟਕਾਉਣਾ ਵੀ ਜਾਣਦਾ ਹੈ। ਉਸਦਾ ਹਥਲਾ ਗ਼ਜ਼ਲ -ਸੰਗ੍ਰਹਿ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਭਵਿੱਖ ਵਿੱਚ ਉਸਤੋਂ ਹੋਰ ਵੀ ਬਿਹਤਰ ਸ਼ਾਇਰੀ ਦੀ ਆਸ ਰੱਖੀ ਜਾ ਸਕਦੀ ਹੈ , ਮੈਂ ਪਾਠਕਾਂ ਨੂੰ ਇਹ ਗ਼ਜ਼ਲ -ਸੰਗ੍ਰਹਿ ਪੜ੍ਹਨ ਦੀ ਪੁਰਜ਼ੋਰ ਸ਼ਿਫ਼ਾਰਿਸ਼ ਕਰਦਾ ਹਾਂ, ਤੇ ਮੈਨੂੰ ਯਕੀਨ ਹੈ ਕਿ ਇਹ ਉਨ੍ਹਾਂ ਦੇ ਸੁਹਜ-ਸਵਾਦ ਦੀ ਸੰਤੁਸ਼ਟੀ ਕਰੇਗਾ, ਏਸੇ ਆਸ ਨਾਲ਼-

ਤੁਹਾਡਾ ਆਪਣਾ-

**ਕ੍ਰਿਸ਼ਨ ਭਨੋਟ**

ਸਰੀ (ਬੀਸੀ) ਕਨੇਡਾ

ਮਈ 22 - 2022



## ਸਿਰਜਣਾ ਦਾ ਇਕ ਨਿਰੰਤਰ ਵਗਦਾ ਦਰਿਆ- ਬਲਦੇਵ ਸੀਹਰਾ

ਬਲਦੇਵ ਸੀਹਰਾ ਸਿਰਜਣਾ ਦਾ ਇਕ ਨਿਰੰਤਰ ਵਗਦਾ ਦਰਿਆ ਹੈ। ਖ਼ਿਆਲ ਉਸਦੇ ਜ਼ਿਹਨ ਵਿਚ ਪੌਣ ਵਾਂਗ ਰੁਮਕਦੇ ਰਹਿੰਦੇ ਹਨ। ਗ਼ਜ਼ਲ ਉਸਦੀ ਤਬੀਅਤ ਵਿਚ ਇਸ ਕਦਰ ਸ਼ਾਮਲ ਹੋ ਚੁੱਕੀ ਹੈ ਕਿ ਉਹ ਕਵਿਤਾ ਦੀ ਕਿਸੇ ਹੋਰ ਵਿਧਾ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ। ਖ਼ਿਆਲਾਂ ਦੀ ਵੰਨ-ਸੁਵੰਨਤਾ ਉਸਦਾ ਹਾਸਲ ਹੈ। ਕਵਿਤਾ ਰਾਹੀਂ ਉਹ ਸੁਪਨਿਆਂ ਨੂੰ ਜਿਉਂਦਾ ਹੈ:-

*ਕਰਦੇ ਨੇ ਦਿਨ ਰਾਤ ਸਵਾਰੀ ਅੱਖਾਂ ਵਿਚ।*
*ਖ਼ਾਬ ਹਮੇਸ਼ਾ ਲਾਉਣ ਉਡਾਰੀ ਅੱਖਾਂ ਵਿਚ।*

ਮੁਹੱਬਤ ਉਸਦੀ ਸ਼ਾਇਰੀ ਦੀ ਨੀਂਹ ਹੈ। ਇਸੇ ਉੱਤੇ ਹੀ ਉਸਦੀ ਸਾਰੀ ਸ਼ਾਇਰੀ ਖੜ੍ਹੀ ਹੈ। ਅਗਲੇ ਸ਼ਿਅਰਾਂ ਵਿਚ ਉਹ ਮੁਹੱਬਤ ਦੀ ਗੱਲ, ਮੁਹੱਬਤ ਦੇ ਸਿਖ਼ਰ ’ਤੇ ਪਹੁੰਚ ਕੇ ਕਰ ਰਿਹਾ ਪ੍ਰਤੀਤ ਹੁੰਦਾ ਹੈ।

*ਜ਼ਖ਼ਮ ਵਿੱਚੋਂ ਰੱਤ ਨਿਕਲ਼ੇ, ਇਹ ਜ਼ਰੂਰੀ ਤਾਂ ਨਹੀਂ,*
*ਵੇਖਿਓ ਹੋ ਕੇ ਕਦੇ ਘਾਇਲ, ਨਜ਼ਰ ਦੇ ਤੀਰ ਤੋਂ।*

*ਤੂੰ ਮੇਰੀ ਏਸ ਖ਼ਾਮੋਸ਼ੀ ਨੂੰ ਸ਼ਾਇਦ ਸਮਝਿਆ ਹੀ ਨਹੀਂ,*
*ਦਿਲਾਂ ਦੇ ਗ਼ਮ ਲੁਕਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ।*

ਜਦ ਉਹ ਦੁਨੀਆਦਾਰੀ ਬਾਰੇ ਸੋਚਦਾ ਹੈ ਤਾਂ ਉਦਾਸ ਹੋ ਜਾਂਦਾ ਹੈ। ਜ਼ਿੰਦਗੀ ਦੇ ਫਲਸਫ਼ੇ 'ਚੋਂ ਉਸਨੂੰ ਜ਼ਿੰਦਗੀ ਕਿਧਰੇ ਨਹੀਂ ਲੱਭਦੀ। ਜੀਵਨ ਦੀ ਅੰਨ੍ਹੀ ਦੌੜ ਦੇ ਰੂ ਬ ਰੂ ਹੁੰਦਾ ਹੋਇਆ ਆਖਦਾ ਹੈ।

*ਬੇਖ਼ੁਵੀ ਇਕ ਦੌੜ ਹੈ ਤੇ ਸਾਰੇ ਦੌੜੀ ਜਾ ਰਹੇ,*
*ਸਭ ਅਗਾਂਹ ਨੂੰ ਦੇਖਦੇ, ਪਿੱਛੇ ਨੂੰ ਨਾ ਦੇਖੇ ਕੋਈ।*

ਉਸਦੀ ਸ਼ਾਇਰੀ ਵਿਚ ਲੋਕਾਈ ਦਾ ਦੁੱਖ ਛੁਪਿਆ ਹੈ। ਪੰਜਾਬ ਦੇ ਲੋਕਾਂ ਦੀ ਦੁਰਦਸ਼ਾ ਅਤੇ ਰਾਜ-ਨੇਤਾਵਾਂ ਦੇ ਝੂਠੇ ਲਾਰਿਆਂ ਅਤੇ ਨਸ਼ਿਆਂ ਦੇ ਕੋਹੜ ਨੂੰ ਦੇਖਕੇ ਉਸਦੇ ਅੰਦਰੋਂ ਇਸ ਤਰ੍ਹਾਂ ਦੀਆਂ ਪੁਕਾਰਾਂ ਉੱਠਦੀਆਂ ਹਨ।

*ਖ਼ਾਲੀ ਝੋਲੀ ਲੈ ਕੇ ਹੀ ਤੂੰ ਪਰਤਦਾ ਹੈਂ ਵਾਰ ਵਾਰ,*
*ਮੰਗਦੈਂ ਜਿਹੜੇ ਦਰੋਂ ਉਹ ਦਰ ਬਦਲਕੇ ਦੇਖ ਲੈ।*

*ਏਨੀਆਂ ਲਾਸ਼ਾਂ ਅਤੇ ਏਨੇ ਸਿਵੇ ਤੱਕੇ ਨੇ,*
*ਇਹ ਵਤਨ ਪਹਿਲਾਂ ਜਿਹਾ ਹਰਗਿਜ਼ ਨਹੀਂ ਲਗਦਾ।*

ਧਰਮ ਬੇਸ਼ੱਕ ਇਨਸਾਨੀਅਤ ਦਾ ਧੁਰਾ ਮੰਨਿਆ ਜਾਂਦਾ ਹੈ। ਪਰ ਇਹ ਵੀ ਸੱਚ ਹੈ ਕਿ ਝੂਠੇ ਰਾਹਬਰਾਂ ਨੇ ਧਰਮ ਨੂੰ ਵਰਤਕੇ ਜਿੰਨਾ ਨੁਕਸਾਨ ਇਨਸਾਨੀਅਤ ਦਾ ਕੀਤਾ ਹੈ, ਸ਼ਾਇਦ ਹੀ ਕਿਸੇ ਹੋਰ ਚੀਜ਼ ਨੇ ਕੀਤਾ ਹੋਵੇ। ਧਰਮਾਂ ਦੀਆਂ ਨਿੱਤ ਬਦਲਦੀਆਂ ਪਰਿਭਾਸ਼ਾਵਾਂ ਤੋਂ ਖ਼ਫ਼ਾ ਹੋ ਕੇ ਉਸਦੇ ਅੰਦਰਲਾ ਸ਼ਾਇਰ ਆਖਦਾ ਹੈ।

*ਕਿਸੇ ਨੂੰ ਕਤਲ ਦੀ ਇਜ਼ਾਜ਼ਤ ਨਾ ਮਜ਼੍ਹਬ ਦਿੰਦਾ,*
*ਕਦੇ ਇਨਸਾਨੀਅਤ ਨੂੰ ਖ਼ਤਮ ਕਰਨਾ ਧਰਮ ਨਾ ਹੁੰਦਾ।*

ਉਸਦਿਆਂ ਸ਼ਿਅਰਾਂ ਦੀ ਵਿਸ਼ਾਲਤਾ ਬਾਰੇ ਗੱਲ ਕਰਨੀ ਹੋਵੇ ਤਾਂ ਇਨ੍ਹਾਂ ਉੱਪਰ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਮਨੁੱਖੀ ਜੀਵਨ ਨਾਲ



ਵਾਬਸਤਾ ਹਰ ਵਿਸ਼ਾ ਹੀ ਉਸਨੇ ਆਪਣੀਆਂ ਗ਼ਜ਼ਲਾਂ ਵਿਚ ਛੋਹਿਆ ਹੈ। ਉਸਦੀਆਂ ਗ਼ਜ਼ਲਾਂ ਯਥਾਰਥ ਦੇ ਬਹੁਤ ਨੇੜੇ ਹਨ। ਉਸਦਾ ਚਿੰਤਨ ਦਿਨੋਂ ਦਿਨ ਗਹਿਰਾ ਹੋ ਰਿਹਾ ਹੈ। ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਉਹ ਚਿੰਤਨ ਦੀ ਸ਼ਾਇਰੀ ਵੱਲ ਹੋਰ ਅੱਗੇ ਵਧੇਗਾ।

**ਰਾਜਵੰਤ ਰਾਜ**

## ਕੇਸਰ ਦਾ ਫੁੱਲ-ਬਲਦੇਵ ਸੀਹਰਾ

ਕੋਈ ਸਮਾਂ ਸੀ ਜਦੋਂ ਲਗਦਾ ਹੀ ਨਹੀਂ ਸੀ ਕਿ ਪੰਜਾਬੀ ਗ਼ਜ਼ਲ ਅੱਜ ਵਾਲੇ ਮੁਕਾਮ ’ਤੇ ਪਹੁੰਚ ਸਕਦੀ ਹੈ। ਸੱਤਰਵਿਆਂ ਤੋਂ ਪਹਿਲਾਂ ਇਸ ਬਾਰੇ ਬੜੀ ਤਿੱਖੀ ਬਹਿਸ ਹੋਇਆ ਕਰਦੀ ਸੀ ਕਿ ਪੰਜਾਬੀ ਵਿਚ ਗ਼ਜ਼ਲ ਹੋ ਸਕਦੀ ਹੈ ਕਿ ਨਹੀਂ ਤੇ ਇਹ ਬਹਿਸ ਉਸਤੋਂ ਬਾਦ ਵੀ ਚੱਲਦੀ ਰਹੀ ਤੇ ਆਖ਼ਰ ਸ਼ਾਂਤ ਹੋ ਗਈ। ਉਨ੍ਹੀਂ ਦਿਨੀ ਮੈਂ ਗ਼ਜ਼ਲ ਨਾਲ ਨਵਾਂ ਨਵਾਂ ਜੁੜਿਆ ਸਾਂ। ਸੱਤਰ ਤੋਂ ਬਾਦ ਪੰਜ-ਸੱਤ ਗ਼ਜ਼ਲ ਕਾਰਾਂ ਦਾ ਕਾਫ਼ਲਾ ਪੱਚੀ-ਤੀਹ ਤੱਕ ਪਹੁੰਚ ਗਿਆ ਸੀ। ਰੋਜ਼ਾਨਾ ਅਜੀਤ ਦਾ ਪੰਜਾਬੀ ਗ਼ਜ਼ਲ ਦੇ ਸੰਘਰਸ਼ਮਈ ਦਿਨਾਂ ਵਿਚ ਵੱਡਾ ਯੋਗਦਾਨ ਰਿਹਾ ਹੈ। ਸ. ਸਾਧੂ ਸਿੰਘ ਹਮਦਰਦ ਆਪਣੇ ਇਸ ਅਖ਼ਬਾਰ ਵਿਚ ਹਫ਼ਤਾਵਾਰੀ ‘ਗ਼ਜ਼ਲ ਫੁੱਲਵਾੜੀ’ ਛਾਪਿਆ ਕਰਦੇ ਸਨ ਤੇ ਸੰਪਾਦਕੀ ਵਿਚ ਉਸਦੀ ਅਲੋਚਨਾ ਵੀ ਹੁੰਦੀ ਸੀ। ਅੱਸੀਵਿਆਂ ਤੋਂ ਬਾਦ ਕਈ ਹੋਰ ਕਲਮਾਂ ਨੇ ਗ਼ਜ਼ਲ ਨੂੰ ਗੰਭੀਰਤਾ ਨਾਲ ਲਿਆ ਤੇ ਵੀਹਵੀਂ ਸਦੀ ਦੇ ਅੰਤ ਤੇ ਇੱਕੀਵੀਂ ਸਦੀ ਦੀ ਸ਼ੁਰੂਆਤ ਤੋਂ ਪੰਜਾਬੀ ਗ਼ਜ਼ਲ ਨਵੇਂ ਮੁਹਾਂਦਰੇ ਤੇ ਨਵੇਂ ਮੁਹਾਵਰੇ ਨਾਲ ਸਾਹਮਣੇ ਆ ਚੁੱਕੀ ਸੀ। ਇਸ ਦੌਰ ਦੀ ਪੰਜਾਬੀ ਗ਼ਜ਼ਲ ਨੇ ਆਪਣੇ ਵਿਸ਼ਿਆਂ ਵਿਚ ਤਬਦੀਲੀਆਂ ਵੀ ਕੀਤੀਆਂ ਤੇ ਪੇਸ਼ਕਾਰੀ ਦਾ ਨਵੀਨੀਕਰਨ ਵੀ ਕੀਤਾ। ਅਜੋਕੀ ਪੰਜਾਬੀ ਗ਼ਜ਼ਲ ਪੰਜਾਬੀ ਕਾਵਿ ਸਿਰਜਣਾ ’ਤੇ ਭਾਰੂ ਤੇ ਲੋਕਪ੍ਰੀਅਤਾ ਦੇ ਸਿਖਰ ’ਤੇ ਹੈ। ਜੇ ਗ਼ਜ਼ਲਕਾਰਾਂ ਵਿਚ ਗੁੱਟਬੰਦੀਆਂ ਨਾ ਹੁੰਦੀਆਂ, ਤਕਨੀਕੀ ਮੁਸ਼ਕਲਾਂ ਤੇ ਗੁਰਮੁਖੀ ਲਿੱਪੀ ਵਿਚ ਆਉਂਦੀਆਂ ਅੜਚਨਾਵਾਂ ਨੂੰ ਵਿਚਾਰਿਆ ਹੁੰਦਾ, ਸਨਮਾਨਾਂ ਲਈ ਗ਼ਜ਼ਲਕਾਰਾਂ ਵਿਚ ਹਰਨ ਦੀ ਹੱਦ ਤੱਕ ਕਾਹਲ਼ ਨਾ



ਹੁੰਦੀ, ਮੈਂ ਮੈਂ ਤੇ ਹੰਕਾਰ ਨਾ ਹੁੰਦਾ, ਮਹਿਜ਼ ਤੁਕਬੰਦੀ ਅਤੇ ਕੁਝ ਗ਼ਜ਼ਲਕਾਰਾਂ ਵੱਲੋਂ ਗ਼ਜ਼ਲ ਦੀ ਵਿਆਕਰਣਕਾਰ ਤੋਂ ਕਿਨਾਰਾਕਸ਼ੀ ਨਾ ਹੁੰਦੀ ਤਾਂ ਅੱਜ ਪੰਜਾਬੀ ਗ਼ਜ਼ਲ ਦੀ ਸ਼ਾਨ ਹੋਰ ਬਿਹਤਰ ਹੋ ਸਕਦੀ ਸੀ। ਮੈਂ ਸਮਝਦਾ ਹਾਂ ਸਾਡੇ ਪੰਜਾਬ ਨਾਲ਼ੋਂ ਬਾਹਰਲੇ ਮੁਲਕਾਂ ਵਿਚ ਜਿੱਥੇ ਜਿੱਥੇ ਪੰਜਾਬੀ ਗ਼ਜ਼ਲਕਾਰ ਬੈਠੇ ਹਨ ਕਿਤੇ ਬਿਹਤਰ ਗ਼ਜ਼ਲ ਕਹੀ ਜਾ ਰਹੀ ਹੈ। ਇਸਦਾ ਵੱਡਾ ਕਾਰਨ ਇਨ੍ਹਾਂ ਗ਼ਜ਼ਲਕਾਰਾਂ ਕੋਲ ਗੁੱਟਬੰਦੀ ਨੂੰ ਉਤਸ਼ਾਹਿਤ ਕਰਨ ਲਈ ਵਕਤ ਬਹੁਤ ਹੀ ਘੱਟ ਹੁੰਦਾ ਹੈ। ਵਧੀਆ ਪਰਵਾਸੀ ਪੰਜਾਬੀ ਗ਼ਜ਼ਲਕਾਰਾਂ ਵਿਚ ਬਲਦੇਵ ਸੀਹਰਾ ਇਕ ਵੱਡਾ ਨਾਮ ਹੈ। ਭਾਵੇਂ ਉਹ ਇਸ ਖ਼ੇਤਰ ਵਿਚ ਪਛੜਕੇ ਆਇਆ ਪਰ ਜਿਵੇਂ ਤੇ ਜਦ ਵੀ ਆਇਆ ਉਸਨੇ ਪਿੱਛੇ ਮੁੜਕੇ ਨਹੀਂ ਦੇਖਿਆ। ਸ਼ਾਇਰ ਜਾਂ ਕਲਾ ਨਾਲ ਸਬੰਧਤ ਕਿਸੇ ਵੀ ਸ਼ਕਸ ਦਾ ਕਿਰਦਾਰ ਆਪਣੀ ਸਿਰਜਣਾ ਦੇ ਅਨੁਕੂਲ ਤੇ ਲੋਕਾਈ ਨਾਲ ਵਿਵਹਾਰ ਪਰ ਖ਼ਲੂਸ ਹੋਣਾ ਜ਼ਰੂਰੀ ਹੈ। ਬਲਦੇਵ ਸੀਹਰਾ ਵਿਚ ਅਜਿਹੇ ਗੁਣ ਹਨ ਜਿਸ ਕਰਕੇ ਪਾਠਕ ਤੇ ਉਸਦੇ ਸਮਕਾਲੀ ਉਸਦਾ ਹੋਰ ਵੀ ਸਤਿਕਾਰ ਕਰਦੇ ਹਨ। ਸੀਹਰਾ ਸੋਸ਼ਲ ਮੀਡੀਆ ’ਤੇ ਕਾਫ਼ੀ ਸਰਗਰਮ ਰਹਿੰਦਾ ਹੈ ਤੇ ਮੈਂ ਉਸਦੀ ਗ਼ਜ਼ਲਕਾਰੀ ਤੋਂ ਕਾਫ਼ੀ ਪ੍ਰਭਾਵਿਤ ਹੋਇਆ ਹਾਂ ਪਰ ਮੈਂ ਉਸਨੂੰ ਕਿਸੇ ਨਾਲ ਵੀ ਉਲਝਦੇ ਹੋਏ ਨਹੀਂ ਦੇਖਿਆ। ਸੀਹਰਾ ਦਾ ਇਹ ਪੱਖ ਉਸ ਨਾਮ ਨੂੰ ਹੋਰ ਵੀ ਵੱਡਾ ਕਰਦਾ ਹੈ।

ਕਿਸੇ ਪ੍ਰਮੁੱਖ ਤੇ ਵੱਡੇ ਸ਼ਾਇਰ ਦਾ ਵਿਦਿਆਰਥੀ ਹੋਣਾ ਫ਼ਾਇਦੇਮੰਦ ਹੁੰਦਾ ਹੈ। ਕੁਝ ਨੁਕਤੇ ਪੁਸਤਕਾਂ ਵਿਚ ਸ਼ਾਮਿਲ ਨਹੀਂ ਹੁੰਦੇ ਪਰ ਉਹ ਕਿਸੇ ਉਸਤਾਦ ਕੋਲ਼ੋਂ ਸਹਿਜਤਾ ਨਾਲ ਸਿਖਿਆਰਥੀ ਕੋਲ ਪਹੁੰਚ ਜਾਂਦੇ ਹਨ। ਦੁਨੀਆ ਵਿਚ ਨਾ ਕੋਈ ਕਲਾਸੰਪੂਰਨ ਹੈ ਤੇ ਨਾ ਹੀ ਕਲਾਕਾਰ ਫੇਰ ਵੀ ਜਿੰਨਾ ਕਿਸੇ ਕੋਲ ਤਜ਼ਰਬਾ ਹੁੰਦਾ ਹੈ ਜੇ ਉਹ ਹਾਸਲ ਹੋ ਜਾਏ ਤਾਂ ਇਸ ਵਿਚ ਬੁਰਾ ਕੀ ਹੈ। ਕਈ ਗ਼ਜ਼ਲਕਾਰਾਂ ਨੂੰ ਉਸਤਾਦ ਤੇ ਗ਼ਜ਼ਲ ਸਕੂਲ ਸ਼ਬਦ ਬਹੁਤ ਕਸ਼ਟ ਦਿੰਦੇ ਹਨ, ਉਨ੍ਹਾਂ ਨੂੰ ਆਪਣੀ ਊਰਜਾ ਇਸ ਸੰਦਰਭ ਵਿਚ ਜ਼ਾਇਆ ਨਹੀਂ ਕਰਨੀ ਚਾਹੀਦੀ, ਉਂਝ ਵੀ ਇਹ ਕਿਸੇ ਦੀ ਅਜ਼ਾਦੀ ਵਿਚ ਸਿੱਧਾ ਦਖ਼ਲ ਹੈ। ਮੈਨੂੰ ਖ਼ੁਸ਼ੀ ਹੈ ਕਿ ਬਲਦੇਵ ਸੀਹਰਾ ਥੋੜ੍ਹਾ ਅੱਗੜ ਪਿੱਛੜ ਮੇਰੇ ਸਮਕਾਲੀ ਸਾਊ ਤੇ ਸਤਿਕਾਰਤ ਗ਼ਜ਼ਲਕਾਰ ਕ੍ਰਿਸ਼ਨ ਭਨੋਟ ਤੋਂ ਇਸਲਾਹ ਲੈਂਦਾ ਹੈ। ਕ੍ਰਿਸ਼ਨ ਭਨੋਟ ਦਾ ਵਿਅਕਤਿਤਵ ਤੇ ਸੰਸਕਾਰ ਵੀ ਮੈਂ ਬਲਦੇਵ ਸੀਹਰਾ ਵਿਚ ਮਹਿਸੂਸ ਕਰਦਾ ਹਾਂ। ਕੈਨੇਡਾ ਵਿਚ ਉਸਦੀ ਸੰਗਤ ਵੀ ਸਮਰੱਥ ਗ਼ਜ਼ਲਕਾਰਾਂ ਨਾਲ ਹੈ ਜਿਨ੍ਹਾਂ ਦੀ ਗ਼ਜ਼ਲ ਖ਼ੇਤਰ ਵਿਚ ਬੜੀ ਚਰਚਾ ਹੈ। ਅਜਿਹੀਆਂ ਪਰਸਥਿਤੀਆਂ ਕਲਾ ਤੇ ਸਾਹਿਤ ਨੂੰ ਹੋਰ ਧਾਰ ਦਿੰਦੀਆਂ ਹਨ ਤੇ ਨਿਖ਼ਾਰ ਪੈਦਾ ਕਰਦੀਆਂ ਹਨ। ਅਭਿਮਾਨ ਕਦੇ ਵੀ ਲਾਹੇਵੰਦ ਨਹੀਂ ਹੁੰਦਾ ਨਾ ਹੀ

ਅਸੀਂ ਆਪਣੀ ਸੰਪੂਰਨਤਾ ਦਾ ਦਾਅਵਾ ਕਰ ਸਕਦੇ ਹਾਂ। ਮੇਰੀ ਜਾਚੇ ਸੀਹਰਾ ਨੇ ਇਹ ਸਚਾਈ ਜਾਣ ਲਈ ਹੈ, ਇਸੇ ਕਾਰਨ ਉਸਦੀ ਕਲਮ ਦਿਨੋਂ ਦਿਨ ਉਚਾਈ ਵੱਲ ਵਧ ਰਹੀ ਹੈ। ਗ਼ਜ਼ਲ ਵਿਚ ਸਾਦਗੀ, ਸਰਲਤਾ ਤੇ ਲੋਕ ਬੋਲੀ ਦੀ ਵਰਤੋਂ ਦਾ ਮਹੱਤਵਪੂਰਨ ਸਥਾਨ ਹੈ ਤੇ ਸੀਹਰਾ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਹ ਨਾ ਤਾਂ ਕਾਫ਼ੀਆ ਪੈਮਾਈ ਵਿਚ ਵਿਸ਼ਵਾਸ ਰੱਖਦਾ ਹੈ ਨਾ ਹੀ ਆਪਣੇ ਸ਼ਿਅਰਾਂ ਨੂੰ ਏਨਾ ਮੁਸ਼ਕਿਲ ਰੂਪ ਦਿੰਦਾ ਹੈ ਕਿ ਉਹ ਪਾਠਕ ਦਾ ਇਮਤਿਹਾਨ ਲੈਣ ਦੀ ਹੱਦ ਤਕ ਪਹੁੰਚ ਜਾਵੇ। ਗ਼ਜ਼ਲ ਦਾ ਸੰਬੰਧ ਗਾਉਣ ਨਾਲ ਹੈ ਤੇ ਇਕ ਬੜੀ ਨਾਜ਼ੁਕ ਸਿਨਫ਼ ਹੈ, ਬੋਝਲਤਾ ਖ਼ਿਆਲਾਂ ਨੂੰ ਵਿਸਥਾਰ ਦੇਣ ਦੀ ਥਾਂ ਅਟਕਾਓ ਪੈਦਾ ਕਰਦੀ ਹੈ। ਮੈਨੂੰ ਯਾਦ ਹੈ ਬਹੁਤ ਦੇਰ ਪਹਿਲਾਂ ਦੂਰਦਰਸ਼ਨ ਦਾ ਇਕ ਨਿਰਮਾਤਾ ਮੇਰੇ ਨਾਲ ਇਕ ਪੁਰਾਣੇ ਗ਼ਜ਼ਲਕਾਰ ਦੀਆਂ ਗ਼ਜ਼ਲਾਂ ਦਾ ਗਾਇਨ ਕਰਵਾਉਣ ਲਈ ਵਿਚਾਰ ਚਰਚਾ ਕਰ ਰਿਹਾ ਸੀ ਪਰ ਉਸਨੂੰ ਉਸ ਗ਼ਜ਼ਲਕਾਰ ਦੀਆਂ ਗਾਉਣ ਵਾਲੀਆਂ ਗ਼ਜ਼ਲਾਂ ਨਹੀਂ ਲੱਭ ਰਹੀਆਂ ਸਨ। ਇਹ ਹਾਲਤ ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਸ਼ਾਇਰ ਸਰਲਤਾ ਨੂੰ ਮਹੱਤਵ ਨਹੀਂ ਦਿੰਦਾ। ਅਜੋਕੇ ਦੌਰ ਵਿਚ ਵੀ ਕੁਝ ਲੋਕ ਗ਼ਜ਼ਲ ਨੂੰ ਨਜ਼ਮ ਦਾ ਪਹਿਰਾਵਾ ਪਹਿਨਾਉਣ ਦੀ ਕੋਸ਼ਿਸ਼ ਵਿਚ ਹਨ ਪਰ ਕਾਮਯਾਬ ਨਹੀਂ ਹੋ ਸਕਦੇ। ਮੈਨੂੰ ਸੰਤੁਸ਼ਟੀ ਹੈ ਕਿ ਬਲਦੇਵ ਸੀਹਰਾ ਇਹਨਾਂ ਪ੍ਰਯੋਗਾਂ ਤੋਂ ਬਚਿਆ ਹੋਇਆ ਹੈ ਤੇ ਉਸਦੀਆਂ ਗ਼ਜ਼ਲਾਂ ਗਾਏ ਜਾਣ ਵਾਲੀਆਂ ਹਨ। ਉਹ ਗ਼ਜ਼ਲ ਦੇ ਨਿਯਮਾਂ ਦਾ ਪਾਲਣ ਕਰਨ ਵਾਲਾ ਗ਼ਜ਼ਲਕਾਰ ਹੈ। ਸੀਹਰਾ ਤ.ਗ਼ਜ਼ਲ, ਸ਼ਬਦ ਦੇ ਉਚਾਰਨ ਤੇ ਬਹਿਰਾਂ ਬਾਰੇ ਹਮੇਸ਼ਾਂ ਸੁਚੇਤ ਰਹਿੰਦਾ ਹੈ ਤੇ ਹਮੇਸ਼ਾਂ ਕੁਝ ਗ੍ਰਹਿਣ ਕਰਨ ਦੀ ਪ੍ਰਵਿਰਤੀ ਰੱਖਦਾ ਹੈ। ਇਕ ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਉਸਦੀ ਜੀਵਨ ਸਾਥਣ ਸ਼ਾਸਤਰੀ ਸੰਗੀਤ ਨਾਲ ਜੁੜੀ ਹੋਈ ਹੈ। ਸੰਗੀਤ ਤੇ ਰਚਨਾ ਇਕ ਦੂਜੇ ਦੇ ਪੂਰਕ ਹਨ ਤੇ ਸੰਗੀਤ ਕਿਸੇ ਬੇਵਜ਼ਨ ਲਿਖਤ ਨੂੰ ਸਵੀਕਾਰ ਨਹੀਂ ਕਰਦਾ, ਮੈਂ ਸਮਝਦਾ ਹਾਂ ਬਲਦੇਵ ਦੀਆਂ ਗ਼ਜ਼ਲਾਂ ਨੂੰ ਰਮਾ ਕਰਨ ਵਿਚ ਉਸਦੀ ਜੀਵਨ ਸਾਥਣ ਰਵਿੰਦਰ ਦਾ ਵੀ ਹੱਥ ਹੈ। ਸੀਹਰਾ ਉਂਝ ਵੀ ਪੜ੍ਹਿਆ ਲਿਖਿਆ ਤੇ ਅਧਿਆਪਨ ਨਾਲ ਸਬੰਧਤ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਰਿਹਾ ਹੈ। ਇਸ ਖ਼ੇਤਰ ਵਿਚ ਵਿਚਰਦਿਆਂ ਉਸਦਾ ਵਾਹ ਲੋਕਾਂ ਨਾਲ ਖ਼ਾਸਕਰ ਨੌਜਵਾਨਾਂ ਨਾਲ ਪੈਂਦਾ ਰਿਹਾ ਹੈ। ਇੰਝ ਉਸਨੂੰ ਲੋਕ ਮਸਲਿਆਂ ਤੇ ਨੌਜਵਾਨਾਂ ਦੀਆਂ ਉਲ਼ਝਣਾਂ ਬਾਰੇ ਚੋਖਾ ਤਜ਼ਰਬਾ ਹਾਸਲ ਹੈ। ਇਹ ਤਜ਼ਰਬਾ ਉਸਦੀ ਗ਼ਜ਼ਲ ਦੇ ਸ਼ਿਅਰਾਂ ਵਿਚ ਢਲਿਆ ਮਹਿਸੂਸ ਵੀ ਹੁੰਦਾ ਹੈ। ਉਸਦੇ ਵਿਸ਼ੇ ਨਿਰੇ ਚੋਚਲੇ ਨਹੀਂ



ਹੁੰਦੇ ਬਲਕਿ ਉਹ ਗੰਭੀਰ ਮੁੱਦਿਆਂ 'ਤੇ ਆਪਣੀ ਬੇਬਾਕੀ ਬਰਕਰਾਰ ਰੱਖਦਾ ਹੈ। ਬਲਦੇਵ ਸੀਹਰਾ ਪੰਜਾਬੀ ਗ਼ਜ਼ਲ ਖ਼ੇਤਰ ਵਿਚ ਹੁਣ ਇਕ ਵੱਡਾ ਨਾਮ ਹੈ ਅਤੇ ਉਸਨੇ ਅਜੇ ਆਪਣੀਆਂ ਪ੍ਰਾਪਤੀਆਂ ਦੀ ਲੜੀ ਹੋਰ ਲੰਬੀ ਕਰਨੀ ਹੈ। ਗ਼ਜ਼ਲ ਸੰਗ੍ਰਹਿ ਦੇ ਰੂਪ ਵਿਚ ਉਸਦੀ ਚੌਥੀ ਪੁਸਤਕ 'ਖ਼ਾਲੀ ਬੇੜੀਆਂ' ਯਕੀਨਨ ਗ਼ਜ਼ਲ ਦੀਵਾਨਿਆਂ ਦੀ ਪਸੰਦ ਬਣੇਗੀ। ਮੈਂ ਉਸ ਨੂੰ ਹੋਰ ਬਿਹਤਰ ਲਿਖਣ ਲਈ ਸ਼ੁੱਭ ਕਾਮਨਾਵਾਂ ਦਿੰਦਾ ਹਾਂ। ਉਹ ਸੱਚ-ਮੁੱਚ ਕੇਸਰ ਦਾ ਫੁੱਲ ਹੈ ਜਿਸ ਦੀ ਮਹਿਕ ਵੀ ਅਨਮੋਲ ਹੈ ਤੇ ਭਵਿੱਖ ਵੀ ਖ਼ੂਬਸੂਰਤ ਹੈ। ਆਖ਼ਰ ਵਿਚ ਆਪਣੇ ਕਥਨ ਦੀ ਪ੍ਰੋੜ੍ਹਤਾ ਲਈ ਮੈਂ ਉਸਦੇ ਕੁਝ ਸ਼ਿਅਰ ਸਾਂਝੇ ਕਰਨੇ ਚਾਹਾਂਗਾ-

*ਗ਼ਜ਼ਲ ਵੀ ਚੀਜ਼ ਕੀ, ਹਰ ਵਕਤ ਅੱਖਰ ਟੋਲ਼ਦੇ ਰਹਿਣਾ।*
*ਸਵੇਰੇ ਸ਼ਾਮ ਮਸਤਕ ਦੇ ਹੀ ਵਰਕੇ ਫੋਲਦੇ ਰਹਿਣਾ।*

*ਕੁਸ਼ਾਸਨ ਕਰ ਗਿਆ ਨੁਕਸਾਨ ਹੋਣਾ ਹੋਰ ਕੀ ਹੋਣਾ।*
*ਜਿਨ੍ਹੇ ਫਾਹਾ ਲਿਆ ਕਿਰਸਾਨ ਹੋਣਾ, ਹੋਰ ਕੀ ਹੋਣਾ।*

*ਲੱਗ ਗਈਆਂ ਸੀ ਕਿਨਾਰੇ ਆ ਕੇ ਖ਼ਾਲੀ ਬੇੜੀਆਂ*
*ਸਭ ਮਲਾਹ ਪਿੱਛੇ ਹੀ ਕਿਧਰੇ ਸੀ ਭੰਵਰ ਵਿਚ ਰਹਿ ਗਏ।*

*ਸਮੁੰਦਰ ਵਿੱਚ ਲਹਿਰਾਂ ਨਾਲੋ ਖਹਿਕੇ ਪਾਰ ਹੋ ਜਾਣਾ।*
*ਬੜਾ ਔਖਾ ਤੂਫ਼ਾਨਾਂ ਨਾਲ਼ ਪਰ ਤਕਰਾਰ ਹੋ ਜਾਣਾ।*

*ਜਿਨ੍ਹਾਂ ਕੋਲੋਂ ਸਚਾਈ ਦਾ ਕੋਈ ਕਣ ਲੱਭ ਸਕਦਾ ਸੀ,*
*ਉਹੀ ਖ਼ਲਕਤ ਤੋਂ ਪੈਸੇ ਲੁੱਟਦੇ ਸਾਧੂ ਮਿਲੇ ਮੈਨੂੰ।*

*ਸਿਤਾਰੇ, ਚੰਦ, ਸੂਰਜ ਸਭ ਹੀ ਧੋਖਾ ਦੇਣ ਬਾਰਸ਼ ਵਿਚ,*
*ਤੇ ਇਸ ਰੁੱਤੇ ਨਿਭਾਉਂਦੇ ਫਰਜ਼ ਕੁਝ ਜੁਗਨੂੰ ਮਿਲੇ ਮੈਨੂੰ।*

*ਉਮਰ ਭਰ ਬਸ ਉਹ ਤਾਂ ਪਰਛਾਵੇਂ ਹੀ ਫੜਦਾ ਰਹਿ ਗਿਆ,*
*ਗੋਦੜੀ ਵਿਚ ਹੀ ਰਿਹਾ ਮਖਮਲ ਦੇ ਹੁੰਦੇ ਹੋਏ ਵੀ।*

*ਸਦਾ ਪਾਟੇ ਪੁਰਾਣੇ ਖੱਦਰਾਂ ਤੇ ਝੂੱਲਿਆ,*
*ਉਹ ਆਪਣੇ ਘਰ 'ਚ ਹੀ ਮਖ਼ਮਲ ਦੇ ਹੁੰਦੇ ਹੋਏ ਵੀ।*

*ਹਰ ਬੰਦਾ ਉਸਦੇ ਮਿਲਣੇ ਦੀ, ਜੀਵਨ ਭਰ ਆਸ਼ਾ ਰੱਖੇ।*
*ਮਰਜ਼ੀ ਉਸਦੀ ਉਹ ਤ੍ਰਿਪਤ ਕਰੇ ਜਾਂ ਉਹ ਪਿਆਸਾ ਰੱਖੇ।*

*ਵਾਂਗ ਪਸ਼ੂਆਂ ਦੇ ਅਸੀਂ ਲੜਦੇ ਰਹੇ, ਲੜਦੇ ਰਹੇ।*
*ਫਿਰ ਵੀ ਅਪਣੇ ਆਪ ਨੂੰ ਮੈਂ ਆਦਮੀ ਸਮਝੀ ਗਿਆ।*

*ਬੜਾ ਹੀ ਚੈਨ ਹੈ ਹਲਚਲ ਦੇ ਹੁੰਦੇ ਹੋਏ ਵੀ।*
*ਨਦੀ ਇਕ ਸ਼ਾਂਤ ਹੈ ਕਲਕਲ ਦੇ ਹੁੰਦੇ ਹੋਏ ਵੀ।*

*ਕਦੇ ਜੇ ਯਾਦ ਮਾਂ ਪਿਉ ਦੀ ਸਤਾਵੇ ਦੇਵ ਤਾਂ ਜਾ ਕੇ,*
*ਤੁਸੀਂ ਸੰਦੂਕ ਵਿਚ ਸੰਭਾਲ਼ੀਆਂ ਫਿਰ ਖੇਸੀਆਂ ਵੇਖੋ।*

*ਹਕੂਮਤ ਦੇ ਨਸ਼ੇ ਵਿਚ ਜੋ ਮੇਰੇ 'ਤੇ ਜ਼ੁਲਮ ਕਰਦੇ ਹਨ,*
*ਉਨ੍ਹਾਂ ਨੇ ਵੀ ਸਜ਼ਾ ਪਾਉਣੀ ਹੈ ਮੇਰੇ ਮਰਨ ਤੋਂ ਮਗਰੋਂ।*

*ਰੋ ਲੈ ਥੋੜ੍ਹਾ ਕਿਤੇ ਅੱਖਾਂ 'ਚ ਹੰਝੂ ਸੁੱਕ ਨਾ ਜਾਵਣ,*
*ਜ਼ਖ਼ਮ ਜੇ ਭਰਨ ਨਾ ਤਾਂ ਜੀਭ ਫਿਰ ਨਮਕੀਨ ਹੁੰਦੀ ਹੈ।*

*ਬਹਾਰਾਂ ਦੇ ਹਸ਼ਰ ਦੀ ਜੇ ਚਮਨ ਨੂੰ ਕੁਝ ਖ਼ਬਰ ਹੁੰਦੀ*
*ਹਜ਼ਾਰਾਂ ਫੁੱਲ ਬਹਾਰਾਂ ਵਿੱਚ ਖਿੜਨੋ ਡਰ ਗਏ ਹੁੰਦੇ*

*ਵਫ਼ਾ ਉਸਨੇ ਨਿਭਾਈ ਜਾਨ ਦੇ ਕੇ ਆਪਣੀ ਆਖ਼ਰ*
*ਪਤਾ ਹੁੰਦਾ ਦਗ਼ਾ ਹੋਣਾ ਤਾਂ ਉਹ ਮੁੱਕਰ ਗਏ ਹੁੰਦੇ*
_ _ _ _ _ _ _ _ _ _
_ _ _ _ _ _ _ _ _ _

**-ਗੁਰਦਿਆਲ ਰੌਸ਼ਨ**
99884-44002



## ਬਲਦੇਵ ਦੀ ਗ਼ਜ਼ਲ ਗੋਈ

ਪੰਜਾਬੀ ਗ਼ਜ਼ਲ ਖੇਤਰ ਵਿਚ ਲਗਾਤਾਰ ਸਰਗਰਮ ਰਹਿਕੇ, ਸ਼ਾਇਰ ਬਲਦੇਵ ਸੀਹਰਾ ਨੇ ਆਪਣੀ ਖ਼ਾਸ ਥਾਂ ਬਣਾ ਲਈ ਹੈ। ਉਹਦਾ ਵਿਸ਼ਾਲ ਜੀਵਨ ਅਨੁਭਵ ਜਦੋਂ ਸ਼ਿਅਰਾਂ ਵਿਚ ਢਲਕੇ ਪ੍ਰਕਾਸ਼ਮਾਨ ਹੁੰਦਾ ਹੈ ਤਾਂ ਗ਼ਜ਼ਲ ਦਾ ਆਸਮਾਨ ਝਿਲਮਿਲਾ ਉਠਦਾ ਹੈ। ਉਹਦੀ ਸ਼ਾਇਰੀ ਵਿਚ ਦੁਸ਼ਵਾਰੀਆਂ ਦੇ ਵਿਚਾਲ਼ ਦੀ ਇਕਰਸਤਾ ਦਿਖਾਈ ਦਿੰਦਾ ਹੈ ਜੋ ਪਾਠਕ ਨੂੰ ਉਦਾਸੀਆਂ ਤੋਂ ਪਾਰ ਲੈ ਜਾਂਦਾ ਹੈ। ਕੁਦਰਤ, ਸਮਾਜ ਅਤੇ ਵਿਅਕਤੀ ਦੀ ਬਾਹਰੀ ਅਤੇ ਅੰਦਰੂਨੀ ਕਸ਼ਮਕਸ਼ ਨੂੰ ਸ਼ਾਇਰ ਬਲਦੇਵ ਸੀਹਰਾ ਦੀ ਤੀਜੀ ਅੱਖ ਸਿਰਫ਼ ਵੇਖਦੀ ਪਛਾਣਦੀ ਹੀ ਨਹੀਂ ਸਗੋਂ ਇਹਨੂੰ ਹੰਢਣਸਾਰ ਬਣਾਉਣ ਦੀ ਵਿਧੀ ਵੱਲ ਵੀ ਇਸ਼ਾਰਾ ਕਰਦੀ ਹੈ।

ਬਲਦੇਵ ਸੀਹਰਾ ਦੀ ਸ਼ਾਇਰੀ ਦੇ ਧੁਰ ਅੰਦਰ ਵਿਗੋਚੇ ਦਾ ਅਹਿਸਾਸ ਲੁਕਿਆ ਹੋਇਆ ਹੈ ਜੋ ਕਈ ਰੂਪ ਧਾਰਕੇ ਸ਼ਿਅਰਾਂ ਵਿਚ ਪਰਗਟ ਹੁੰਦਾ ਹੈ। ਕਨੇਡਾ ਵਰਗੇ ਮੁਲਕ ਵਿਚ ਪਦਾਰਥਿਕ ਬਹੁਲਤਾਵਾਂ ਦੇ ਬਾਵਜੂਦ ਹਰ ਸੰਵੇਦਨਸ਼ੀਲ ਮਨ ਅੰਦਰ ਕੁੱਝ ਨਾ ਕੁੱਝ ਤਿੜਕਦਾ ਟੁੱਟਦਾ ਰਹਿੰਦਾ ਹੈ। ਸੀਹਰਾ ਅਜਿਹੀ ਸਥਿਤੀ ਵਿਚ ਗ਼ਜ਼ਲ ਦੇ ਦਰ ਸਜਦਾ ਕਰਦਾ ਹੈ। ਉਸ ਕੋਲ ਸ਼ਬਦਾਂ ਦੀ ਦੌਲਤ ਹੈ, ਗ਼ਜ਼ਲ ਦਾ ਗਿਆਨ ਹੈ ਅਤੇ ਸਭ ਤੋਂ ਵੱਧ ਉਹ ਸੰਵੇਦਨਾ ਹੈ ਜੋ ਸ਼ਾਇਰ ਤੋਂ ਪਾਠਕ ਦੇ ਅੰਤਰਮਨ ਤਕ ਸੰਚਾਰ ਕਰਦੀ ਹੈ।

ਇਹ ਸ਼ਾਇਰੀ ਜ਼ਾਹਿਰਾ ਤੌਰ 'ਤੇ ਤਾਂ ਪ੍ਰੌੜ ਹੈ ਪਰ ਇਸ ਵਿਚ ਲੁਪਤ ਮਾਸੂਮੀਅਤ ਇਹਨੂੰ ਸੱਚ ਦੇ ਹੋਰ ਕਰੀਬ ਲੈ ਜਾਂਦੀ ਹੈ। ਸ਼ਾਇਰ ਸੀਹਰਾ ਨਿਰਛਲ ਭਾਵਨਾਵਾਂ ਉੱਤੇ ਵਾਧੂ

ਸ਼ਬਦ ਜਾਲ ਨਹੀਂ ਪਾਉਂਦਾ। ਨਿਰੰਤਰ ਗਤੀਸ਼ੀਲਤਾ ਉਹਦਾ ਰਸਤਾ ਵੀ ਹੈ ਤੇ ਮੰਜ਼ਲ ਵੀ।

ਜ਼ਿੰਦਗੀ, ਮੁਸ਼ਕਲਾਂ ਦੇ ਪਾਰ ਜਾਣ ਲਈ ਵਕਤ ਦੇ ਕਿਨਾਰੇ ਉੱਤੇ ਬੇਵੱਸ ਖੜ੍ਹੀ ਹੈ। ਸ਼ਾਇਰ ਬਲਦੇਵ ਸੀਹਰਾ ਮਲਾਹ ਬਣਕੇ ਆਪਣੇ ਹਿੱਸੇ ਦੀਆਂ "ਖ਼ਾਲੀ ਬੇੜੀਆਂ" ਲੈ ਆਇਆ ਹੈ। ਚਲੋ ਇਹਨਾਂ ਵਿਚ ਸਵਾਰ ਹੋਈਏ।

**-ਜਸਵਿੰਦਰ**



## ਮੇਰੇ ਵੱਲੋਂ

ਮੇਰਾ ਸਫ਼ਰ ਇਕ ਛੋਟੇ ਜਿਹੇ ਪਿੰਡ ਤੇ ਡਾਕਖ਼ਾਨਾ ਨੰਗਲ ਖੂੰਗਾ, ਤਸੀਲ ਟਾਂਡਾ ਉੜਮੁੜ ਤੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸ਼ੁਰੂ ਹੋਇਆ। ਮੈਂ ਛੇ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟਾ ਹੋਣ ਦੇ ਨਾਤੇ ਲਾਡਲਾ ਤੇ ਅੱਥਰਾ ਵੀ ਸੀ। ਲਾਗਲੇ ਪਿੰਡ ਦੇ ਮਾਡਲ ਮਿਡਲ ਸਕੂਲ, ਬੁੱਢੀ ਪਿੰਡ 'ਚੋਂ ਚੌਥੀ ਤੱਕ ਦੀ ਵਿੱਦਿਆ ਹਾਸਲ ਕਰਕੇ ਡੀ.ਏ.ਵੀ. ਸਕੂਲ ਟਾਂਡਾ ਉੜਮੁੜ ਵਿੱਚੋਂ ਅੱਠਵੀਂ ਤੀਕਰ ਹਿੰਦੀ ਮੀਡੀਅਮ ਤੇ ਫਿਰ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਟਾਂਡਾ ਉੜਮੁੜ ਤੋਂ ਪੰਜਾਬੀ ਮੀਡੀਅਮ ਵਿਚ ਬਾਰਾਂ ਕਰਕੇ ਗੌਰਮਿੰਟ ਕਾਲਜ ਤੋਂ ਪ੍ਰੀ-ਮੈਡੀਕਲ ਇਸੇ ਕਸਬੇ ਵਿਚ ਕੀਤਾ। ਪ੍ਰੀ-ਮੈਡੀਕਲ ਤੋਂ ਬਾਦ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਚਲਿਆ ਗਿਆ ਤੇ ਬੌਟਨੀ (ਬਨਸਪਤੀ ਵਿਗਿਆਨ) ਵਿਚ ਐਮ.ਐਸ.ਸੀ. ਔਨਰਜ਼ (M.Sc Hons Botany, Panjab University Chandigarh) ਕਰਨ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26 (Sri Guru Gobind Singh College, Sector 26) ਵਿਚ ਬਤੌਰ ਪ੍ਰੋਫ਼ੈਸਰ ਤਿੰਨ ਸਾਲ ਲਈ ਸੇਵਾ ਨਿਭਾਈ। ਮੈਂ ਸਵਰਗਵਾਸੀ ਪਿਤਾ ਜੀ ਅਮਰ ਸਿੰਘ ਸੀਹਰਾ ਤੇ ਮਾਤਾ ਜੀ ਜਸਵੰਤ ਕੌਰ ਸੀਹਰਾ ਜੀ ਦਾ ਮੈਨੂੰ ਇਹ ਖ਼ੂਬਸੂਰਤ ਦੁਨੀਆ ਵਿਖਾਉਣ ਤੇ ਉਚੇਰੀ ਵਿੱਦਿਆ ਦਿਵਾਉਣੇ ਲਈ, ਆਖ਼ਰੀ ਸਾਹ ਤੱਕ ਸ਼ੁਕਰਗੁਜ਼ਾਰ ਰਹਾਂਗਾ।

ਬਾਹਰ ਜਾਣ ਦੀ ਤੀਬਰ ਇੱਛਾ ਮੈਨੂੰ ਫੀਜੀ ਆਈਲੈਂਡ ਬਤੌਰ ਬਾਇਓਲੋਜੀ ਅਧਿਆਪਕ (Biology Teacher) ਲੈ ਗਈ। ਮੈਂ 10 ਸਾਲ ਉੱਥੇ ਇੰਡੀਅਨ ਕਾਲਜ ਸੂਵਾ (Indian

College Suva) ਤੇ ਖਾਲਸਾ ਕਾਲਜ, ਬਾ (Khalsa College, Ba) ਵਿਚ ਸੇਵਾ ਨਿਭਾਈ। ਮੈਂ ਆਪਣੀ ਸਾਹਾਂ ਦੀ ਸਾਥਣ ਰਵਿੰਦਰ ਕੌਰ ਨੂੰ ਚੰਡੀਗੜ੍ਹ ਤੋਂ ਬੁਲਾ ਕੇ ਫਿਜੀ ਵਿਚ ਹੀ ਵਿਆਹ ਕਰਵਾ ਲਿਆ। ਇਸੇ ਦੌਰਾਨ ਦਾਤੇ ਨੇ ਭੁਜੰਗੀ ਵਿਕਰਮਜੀਤ ਸਿੰਘ ਦੀ ਦਾਤ ਬਖ਼ਸ਼ੀ। 1982 ਵਿਚ ਮੈਂ ਆਪਣੇ ਪਰਿਵਾਰ ਸਮੇਤ ਸਾਈਮਨ ਫਰੇਜ਼ਰ ਯੂਨੀਵਰਸਿਟੀ, ਬਰਨਬੀ, ਬ੍ਰਿਟਿਸ਼ ਕੋਲੰਬੀਆ, ਕੈਨੇਡਾ (Simon Fraser University, British Columbia, Canada) ਵਿਚ ਪੇਸਟ ਮੈਨੇਜਮੈਂਟ ਦੀ ਐਮ.ਐਸ.ਸੀ. (Masters of Pest Management) ਕਰਨ ਆ ਗਿਆ। ਉੱਚੀ ਵਿੱਦਿਆ ਹਾਸਲ ਕਰਨ ਮਗਰੋਂ ਮੈਂ ਵੱਖ ਵੱਖ ਨੌਕਰੀਆਂ ਕੀਤੀਆਂ ਤੇ ਅੱਜਕੱਲ੍ਹ ਪਿਛਲੇ 30 ਵਰ੍ਹਿਆਂ ਤੋਂ ਵਰਕਸੇਫ਼ ਬੀ.ਸੀ. (WorkSafeBC) ਅਦਾਰੇ ਵਿਚ ਬਤੌਰ ਆਕੂਪੇਸ਼ਨਲ ਹੈਲਥ ਅਤੇ ਸੇਫ਼ਟੀ ਅਫ਼ਸਰ (Occupational Health and Safety Officer) ਦੀ ਸੇਵਾ ਨਿਭਾ ਰਿਹਾ ਹਾਂ।

ਇਸੇ ਦੌਰਾਨ ਬੇਟੀ ਚੰਨਪ੍ਰੀਤ ਕੌਰ ਤੇ ਬੇਟੇ ਅਰਸ਼ਜੀਤ ਸਿੰਘ ਨੇ ਸਾਡੇ ਘਰ ਜਨਮ ਲਿਆ। ਤਿੰਨੇ ਬੱਚੇ ਪੜ੍ਹ ਲਿਖਕੇ ਵਿਆਹੇ ਵਰੇ ਹਨ ਤੇ ਅਗਾਂਹ ਉਨ੍ਹਾਂ ਦੇ ਵੀ ਬੱਚੇ ਹਨ ਯਾਨੀ ਸਾਡੇ ਦੋ ਪੋਤਰੇ ਸਾਹਿਬ ਸਿੰਘ ਤੇ ਅਮਰ ਸਿੰਘ ਅਤੇ ਤਿੰਨ ਦੋਹਤੀਆਂ ਸੋਹੇਲਾ ਢਿੱਲੋਂ ਤੇ ਅਰਜ਼ੋਈ ਢਿੱਲੋਂ ਅਤੇ ਅਰਸ਼ਜੀਤ ਦੀ ਬੇਟੀ ਈਲੀਆਨਾ ਹਨ। ਸਾਰੇ ਆਪੋ ਆਪਣੀ ਥਾਂ ਘੁੱਗ ਵਸਦੇ ਹਨ। ਮੇਰੀ ਸਾਹਾਂ ਦੀ ਸਾਥਣ ਵੀ ਫਿਜੀ ਵਿਚ ਅਧਿਆਪਕਾ ਸੀ। ਉਨ੍ਹਾਂ ਨੇ ਬੀ.ਏ. ਪੰਜਾਬ ਯੂਨੀਵਰਸਿਟੀ ਤੋਂ ਹਾਸਲ ਕੀਤੀ ਹੈ ਅਤੇ ਸ਼ਾਸਤਰੀ ਸੰਗੀਤ ਦਾ ਵੀ ਉਨ੍ਹਾਂ ਨੇ ਛੇਵੀਂ ਕਲਾਸ ਤੋਂ ਲੈ ਕੇ ਬੀ.ਏ. ਤੱਕ ਅਧਿਐਨ ਕੀਤਾ ਹੈ। ਬੱਚਿਆਂ ਦੀ ਪੜ੍ਹਾਈ ਖ਼ਤਮ ਹੋਣ ਬਾਦ ਉਨ੍ਹਾਂ ਨੇ Early Childhood (ਅਰਲੀ ਚਾਈਲਡਹੁੱਡ) ਦੀ ਡਿਗਰੀ University of the Fraser valley, B.C. (ਯੂਨੀਵਰਸਿਟੀ ਔਫ਼ ਦਾ ਫਰੇਜ਼ਰ ਵੈਲੀ, ਬੀ.ਸੀ.) ਤੋਂ ਹਾਸਿਲ ਕੀਤੀ। ਅੱਜ ਕੱਲ੍ਹ ਉਹ ਐਬਟਸਫੋਰਡ ਦੇ ਇਕ ਐਲੀਮੈਂਟਰੀ ਸਕੂਲ ਵਿਚ ਅਧਿਆਪਕਾ ਦੇ ਤੌਰ 'ਤੇ ਸੇਵਾ ਨਿਭਾ ਰਹੇ ਹਨ। ਮੈਂ ਆਪਣੇ ਬਾਰੇ ਜ਼ਰੂਰਤ ਤੋਂ ਵੱਧ ਲਿਖ ਗਿਆ ਹਾਂ। ਮੇਰੀ ਕਹਾਣੀ ਬੜੀ ਲੰਬੀ ਹੈ ਤੇ ਜੇ ਲਿਖਣ ਬੈਠਾਂ ਤੇ ਇਸ ਕਿਤਾਬ ਦੇ ਪੰਨੇ ਨਹੀਂ ਮੁੱਕਣੇ ਐ ਪਰ ਜ਼ਿੰਦਗੀ ਦੀ ਕਲਮ ਦੀ ਸਿਆਹੀ ਮੁੱਕ ਜਾਵੇਗੀ। ਚਲੋ ਹੁਣ ਸਾਰਥਿਕ ਮੁੱਦੇ ਤੇ ਆਉਂਦਾ ਹਾਂ। ਸੱਠਵੇਂ ਦਹਾਕੇ ਵਿਚ ਮੈਂ ਗ਼ਜ਼ਲ ਜੈਸੀ ਸਿਨਫ਼ ਤੇ ਹੱਥ ਅਜ਼ਮਾਉਣਾ ਸ਼ੁਰੂ ਕੀਤਾ। ਮੈਂ ਵੀ ਇਕ ਐਸੀ ਰਚਨਾ ਦੀ ਵਿਧੀ ਦੇ ਸਿਖਰਲੇ ਡੰਡੇ ਨੂੰ ਹੱਥ ਪਾ ਲਿਆ ਜੋ ਕੇ ਬਹੁਤ ਔਖੀ ਹੈ। ਮੇਰੀ ਖ਼ੁਸ਼ ਕਿਸਮਤੀ ਕਿ ਮੈਂ ਵਿਸ਼ਵ ਪ੍ਰਸਿੱਧ ਗ਼ਜ਼ਲ ਗੋ ਉਸਤਾਦ ਜਨਾਬ ਕ੍ਰਿਸ਼ਨ ਭਨੋਟ ਜੀ



ਦੇ ਸੰਪਰਕ ਵਿਚ ਆਇਆ ਤੇ ਹੌਲ਼ੀ ਹੌਲ਼ੀ ਗ਼ਜ਼ਲ ਵਿਧੀ ਵਾਰੇ ਜਾਣਕਾਰੀ ਹਾਸਲ ਕਰਨ ਲੱਗਿਆ। ਭਨੋਟ ਸਾਹਿਬ ਇਕ ਬਹੁਤ ਹੀ ਸਾਦੇ ਤੇ ਉੱਚੇ ਵਿਚਾਰ ਤੇ ਆਚਰਨ ਵਾਲੇ ਇਨਸਾਨ ਹਨ। ਉਨ੍ਹਾਂ ਦੀ ਸੰਗਤ ਸਦਕਾ ਮੈਂ ਥੋੜ੍ਹਾ ਬਹੁਤ ਲਿਖਣ ਲੱਗਿਆ। ਉਨ੍ਹਾਂ ਦਾ ਆਪਣੇ ਸਿਖਿਆਰਥੀਆਂ ਨੂੰ ਸਮਝਾਉਣ ਦਾ ਢੰਗ ਬੜਾ ਹੀ ਸਿੱਧਾ ਤੇ ਸਰਲ ਹੈ। ਮੈਂ ਕ੍ਰਿਸ਼ਨ ਘਰਾਣੇ ਦਾ ਮੈਂਬਰ ਹਾਂ ਤੇ ਜੇ ਅੱਜ ਸਰੀ ਵਿਚ ਗ਼ਜ਼ਲ ਪ੍ਰਫੁੱਲਿਤ ਹੋ ਰਹੀ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਦੇਣ ਜਨਾਬ ਉਸਤਾਦ ਭਨੋਟ ਸਾਹਬ ਜੀ ਦੀ ਹੈ। ਫ਼ੇਰ ਮੇਰੇ ਸੰਪਰਕ ਵਿਚ ਪ੍ਰਸਿੱਧ ਗ਼ਜ਼ਲ ਗੋ ਰਾਜਵੰਤ ਰਾਜ ਆਏ। ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਦੋਵੇਂ ਉਸਤਾਦ ਭਨੋਟ ਜੀ ਦੇ ਹੀ ਸ਼ਗਿਰਦ ਹਾਂ। ਇਹ ਕਹਿਣ ਵਿਚ ਅੱਤਕਥਨੀ ਨਹੀਂ ਹੋਵੇਗੀ ਕਿ ਰਾਜ ਨੇ ਗ਼ਜ਼ਲ ਦੇ ਖੇਤਰ ਵਿਚ ਬੜੀਆਂ ਮੱਲਾਂ ਮਾਰੀਆਂ ਹਨ ਤੇ ਅੱਜ ਉਹ ਵੀ ਵਿਸ਼ਵ ਦੇ ਪ੍ਰਸਿੱਧ ਗ਼ਜ਼ਲਕਾਰਾਂ ਦੀ ਕਤਾਰ ਵਿਚ ਧਰੂ ਤਾਰੇ ਦੇ ਵਾਂਗੂੰ ਚਮਕਦਾ ਹੈ। ਰਾਜ ਮੇਰਾ ਬੜਾ ਹੀ ਹਰਮਨ ਪਿਆਰਾ ਦੋਸਤ ਤੇ ਛੋਟਾ ਭਰਾ ਹੈ। ਮੇਰੀਆਂ ਗ਼ਜ਼ਲਾਂ ਦੀ ਉਹ ਅਕਸਰ ਜਨਾਬ ਭਨੋਟ ਸਾਹਬ ਦੀ ਤਰ੍ਹਾਂ ਨਜ਼ਰਸਾਨੀ ਕਰਦਾ ਹੈ ਤੇ ਉਹ ਵੀ ਮੇਰਾ ਉਸਤਾਦ ਹੀ ਹੈ। ਕੈਨੇਡਾ ਦੇ ਸਰੀ ਸ਼ਹਿਰ ਵਿਚ ਪਿੱਛੇ ਜਿਹੇ ਗ਼ਜ਼ਲ ਮੰਚ ਦੀ ਸਥਾਪਨਾ ਕੀਤੀ ਗਈ ਸੀ ਤੇ ਇਸ ਵਿਚ ਇਨ੍ਹਾਂ ਤੋਂ ਇਲਾਵਾ ਹੋਰ ਵੀ ਬੜੇ ਬੜੇ ਨਾਮਵਰ ਗ਼ਜ਼ਲ -ਗੋ ਸ਼ਾਮਿਲ ਹਨ ਤੇ ਬੜੇ ਸਰਗਰਮ ਹਨ। ਮੈਂ ਵੀ ਇਸ ਅਦਾਰੇ ਦਾ ਛੋਟਾ ਜਿਹਾ ਮੈਂਬਰ ਹਾਂ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਨਾਮ ਵਰਨਣਯੋਗ ਹੈ। ਜੇ ਮੈਂ ਇਸ ਸ਼ਖ਼ਸੀਅਤ ਬਾਰੇ ਜ਼ਿਕਰ ਨਾ ਕੀਤਾ ਤਾਂ ਮੇਰਾ ਇਹ ਗ਼ਜ਼ਲ ਸੰਗ੍ਰਹਿ ਅਧੂਰਾ ਰਹਿ ਜਾਵੇਗਾ। ਉਹ ਹਨ ਜਸਵਿੰਦਰ ਭਾਜੀ ਜੋ ਕਿਸੇ ਵੀ ਤੁਆਰਫ਼ ਦੇ ਮੁਥਾਜ ਨਹੀਂ ਹਨ। ਉਹ ਗ਼ਜ਼ਲ ਮੰਚ ਸਰੀ ਕੈਨੇਡਾ ਦੇ ਪ੍ਰਧਾਨ ਹਨ। ਉਨ੍ਹਾਂ ਦੀਆਂ ਗ਼ਜ਼ਲ ਖੇਤਰ ਵਿਚ ਪ੍ਰਾਪਤੀਆਂ ਕਿਸੇ ਤੋਂ ਛੁਪੀਆਂ ਨਹੀਂ ਹਨ। ਉਹ ਵੀ ਮੇਰੇ ਸਤਿਕਾਰਤ ਦੋਸਤ ਹਨ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਉਸਤਾਦ ਗੁਰਦਿਆਲ ਰੌਸ਼ਨ ਜੀ ਬੜੇ ਹੀ ਮਿਲਾਪੜੇ ਸੁਭਾਅ ਦੇ ਤੇ ਸਤਿਕਾਰਤ ਹਨ। ਉਨ੍ਹਾਂ ਦੇ ਸਿਰ ਤੇ ਗ਼ਜ਼ਲ ਨੂੰ ਬੁਲੰਦੀਆਂ ਤਕ ਲੈ ਜਾਣ ਦਾ ਸੇਹਰਾ ਬੱਝਦਾ ਹੈ। ਉਨ੍ਹਾਂ ਦੀ ਵੀ ਗ਼ਜ਼ਲ ਖੇਤਰ ਨੂੰ ਬਹੁਤ ਦੇਣ ਹੈ ਤੇ ਬੜੀ ਸਨਮਾਨਿਤ ਹਸਤੀ ਹੈ। ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਨੂੰ ਬੇਝਿਜਕ ਆਪਣੇ ਕਰੀਬੀ ਫ਼ੇਸਬੁੱਕ ਦੋਸਤ ਕਹਿਣ ਵਿਚ ਫ਼ਖ਼ਰ ਮਹਿਸੂਸ ਕਰਦਾ ਹਾਂ। ਉਹ ਗਾਹੇ ਬਗਾਹੇ "ਸ਼ਿਅਰ ਅਰਜ਼ ਹੈ" ਵਿਚ ਮੇਰੇ ਸ਼ਿਅਰ ਛਾਪ ਕੇ ਮੈਨੂੰ ਮਾਣ ਬਖ਼ਸ਼ਦੇ ਰਹਿੰਦੇ ਹਨ। ਜੇ ਜ਼ਿੰਦਗੀ ਰਹੀ ਤੇ ਮੈਂ ਉਨ੍ਹਾਂ ਦੇ ਦਰਸ਼ਨ ਜ਼ਰੂਰ ਕਰਾਂਗਾ।

ਮੈਂ ਉਨ੍ਹਾਂ ਨੂੰ ਮੁਖਬੰਦ ਲਿਖਣ ਲਈ ਬੇਨਤੀ ਕੀਤੀ ਸੀ ਤੇ ਉਨ੍ਹਾਂ ਨੇ ਇਕਦਮ ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਮੇਰੇ ਬਾਰੇ ਕੇਸਰ ਦਾ ਫੁੱਲ-ਬਲਦੇਵ, ਲਿਖਕੇ ਮਾਣ ਬਖ਼ਸ਼ਿਆ ਹੈ। ਸਾਰੀਆਂ ਹੀ ਉਸਤਾਦ ਸ਼ਖ਼ਸੀਅਤਾਂ ਦਾ ਜਿਨ੍ਹਾਂ ਨੇ ਮੇਰੇ ਗ਼ਜ਼ਲ ਸੰਗ੍ਰਹਿ "ਖ਼ਾਲੀ ਬੇੜੀਆਂ" ਵਿਚ ਮੁਖ ਬੰਦ ਲਿਖਕੇ ਨਾਚੀਜ਼ ਨੂੰ ਬੇਹੱਦ ਮਾਣ ਬਖ਼ਸ਼ਿਆ ਤੇ ਸੇਧ ਦਿੱਤੀ ਹੈ ਉਨ੍ਹਾਂ ਦਾ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਉਨ੍ਹਾਂ ਦਾ ਮੈਂ ਸਦਾ ਹੀ ਰਿਣੀ ਰਹਾਂਗਾ। ਮੈਨੂੰ ਬੇਹੱਦ ਖ਼ੁਸ਼ੀ ਹੈ ਕੇ ਮੈਂ ਇਕ ਸਾਇੰਸ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਪੰਜਾਬੀ ਸਾਹਿਤ ਤੇ ਮਾਂ ਬੋਲੀ ਦੀ ਝੋਲ਼ੀ ਵਿਚ ਆਪਣਾ ਛੋਟਾ ਜਿਹਾ ਯੋਗਦਾਨ ਪਾ ਸਕਿਆ ਹਾਂ। ਪਾਠਕਾਂ ਦੀ ਕਚਹਿਰੀ ਵਿਚ ਮੇਰਾ ਚੌਥਾ ਗ਼ਜ਼ਲ ਸੰਗ੍ਰਹਿ "ਖ਼ਾਲੀ ਬੇੜੀਆਂ" ਹਾਜ਼ਰ ਹੈ।


ਤੁਹਾਡਾ ਆਪਣਾ

**ਬਲਦੇਵ ਸੀਹਰਾ**

ਈਮੇਲ: Crabs4755@gmail.com

Baldev.seehra@worksafebc.com

Ph.: 1 (604) 300-4017

1 (778) 808-3405




## ਗ਼ਜ਼ਲ

ਖ਼ਾਬ ਕੁਝ ਅੱਧੇ ਅਧੂਰੇ ਹੀ ਸਫ਼ਰ ਵਿਚ ਰਹਿ ਗਏ
ਰਾਜ਼ ਮੇਰੀ ਜ਼ਿੰਦਗੀ ਦੇ ਉਸ ਨਗਰ ਵਿਚ ਰਹਿ ਗਏ

ਲੱਗ ਗਈਆਂ ਸੀ ਕਿਨਾਰੇ ਆ ਕੇ ਖ਼ਾਲੀ ਬੇੜੀਆਂ
ਸਭ ਮਲਾਹ ਪਿੱਛੇ ਹੀ ਕਿਧਰੇ ਸੀ ਭੰਵਰ ਵਿਚ ਰਹਿ ਗਏ

ਰਾਹੀਆਂ ਤੋਂ ਡਰ ਕੇ ਸੀ ਸਾਰੇ ਪਰਿੰਦੇ ਉਡ ਗਏ
ਬਿਰਖ ਸੁੰਨੇ ਹੀ ਖੜੋਤੇ ਸੀ ਡਗਰ ਵਿਚ ਰਹਿ ਗਏ

ਹੋ ਗਏ ਨਜ਼ਰਾਂ ਤੋਂ ਓਝਲ ਸਭ ਮੁਸਾਫ਼ਰ ਅੰਤ ਨੂੰ
ਦੂਰ ਤੀਕਰ ਸੱਖਣੇ ਰਸਤੇ ਨਜ਼ਰ ਵਿਚ ਰਹਿ ਗਏ

ਦੇਵ ਭਾਵੇਂ ਉਮਰ ਭਰ ਭਰਦੇ ਗਏ ਭਰਦੇ ਗਏ
ਫੇਰ ਵੀ ਕਿੰਨੇ ਹੀ ਸਾਰੇ ਫੱਟ ਜਿਗਰ ਵਿਚ ਰਹਿ ਗਏ

•

## ਗ਼ਜ਼ਲ

ਤੁਸੀਂ ਆਵੋ, ਹਮੇਸ਼ਾਂ ਯਾਦ ਆਉਂਦੀ ਹੈ ਤੁਹਾਡੀ
ਮਿਰੀ ਤਾਂ ਇਲਤਜ਼ਾ ਚੰਨਾਂ ਤੇ ਮਰਜ਼ੀ ਹੈ ਤੁਹਾਡੀ

ਬੁਲਾਇਆ ਨਾ ਕਦੇ ਵੀ ਹੈ ਤੁਸੀਂ ਮੁੜ ਕੇ ਅਸਾਨੂੰ
ਕਿ ਇਸ ਕਮਲੇ ਨੇ ਰਾਹ ਹਰ ਵਕ਼ਤ ਦੇਖੀ ਹੈ ਤੁਹਾਡੀ

ਕਦੇ ਤਾਂ ਉਮਰ ਭਰ ਨਿਭਾਣੇ ਦੀਆਂ ਕਰਦੇ ਸੀ ਗੱਲਾਂ
ਤੇ ਅਜ ਕੱਲ੍ਹ ਜਾਪਦੀ ਜਿਉਂ ਨਜ਼ਰ ਬਦਲੀ ਹੈ ਤੁਹਾਡੀ

ਖ਼ਫ਼ਾ ਹੋ ਉਪਰੋਂ ਕਰਦੇ ਹੋ ਪਰ ਹਸ ਹਸ ਕੇ ਗੱਲਾਂ
ਕਿ ਦਿਲ ਮੇਰੇ ਨੂੰ ਇਹੋ ਗੱਲ ਖਲਦੀ ਹੈ ਤੁਹਾਡੀ

ਮਿਲਣ ਆਏ ਤੁਸੀਂ ਨਾ ਦੇਰ ਤੋਂ ਭਾਵੇਂ ਅਸਾਨੂੰ
ਸਵੇਰੇ ਸ਼ਾਮ ਵਾ 'ਚੋਂ ਮਹਿਕ ਆਉਂਦੀ ਹੈ ਤੁਹਾਡੀ

ਸੁਣੋਂ ਹੁਣ ਗੱਲ ਮੇਰੀ, ਸਭ ਗ਼ਿਲੇ ਸ਼ਿਕਵੇ ਭੁਲਾ ਕੇ
ਹਮੇਸ਼ਾਂ ਮੈਂ ਤਾਂ ਹਰ ਇਕ ਗੱਲ ਮੰਨੀ ਹੈ ਤੁਹਾਡੀ

ਜਦੋਂ ਦਿਲ ਧੜਕਣਾ ਫ਼ਿਰ ਹੈ ਤੁਸੀਂ ਰੋਣਾ ਜੇ ਉਮਰਾ ਭਰ
ਮੁਹੱਬਤ ਵੀ ਤਾਂ ਸੱਜਣ ਜੀ ਇਹ ਪਹਿਲੀ ਹੈ ਤੁਹਾਡੀ

ਲੁਕੋਵੋ ਦੇਵ ਜੀ ਭਾਵੇਂ ਤੁਸੀਂ ਦਿਲ ਦੀਆਂ ਗੱਲਾਂ
ਨਿਗਾਹਾਂ ਨੇ ਤਾਂ ਦਿਲ ਦੀ ਗੱਲ ਦਸਣੀ ਹੈ ਤੁਹਾਡੀ

•



## ਗ਼ਜ਼ਲ

ਗ਼ਜ਼ਲ ਵੀ ਚੀਜ਼ ਕੀ, ਹਰ ਵਕਤ ਅੱਖਰ ਟੋਲ਼ਦੇ ਰਹਿਣਾ
ਸਵੇਰੇ ਸ਼ਾਮ ਮਸਤਕ ਦੇ ਹੀ ਵਰਕੇ ਫੋਲਦੇ ਰਹਿਣਾ

ਤਸੱਵਰ ਵਿਚ ਸੁਨਾਮੀ ਦੌੜਦੀ ਰਹਿੰਦੀ ਖ਼ਿਆਲਾਂ ਦੀ
ਵਜ਼ਨ ਤੇ ਬਹਿਰ ਵਿਚ ਹੀ ਅੱਖਰਾਂ ਨੂੰ ਤੋਲਦੇ ਰਹਿਣਾ

ਸ਼ਕਲ ਤੋਂ ਜਾਪਦਾ ਹੈ, ਹਾਰਿਆ ਉਹ ਇਸ਼ਕ ਵਿਚ ਫਿਰ ਤੋਂ
ਗਵਾਚਾ ਇਸ਼ਕ ਉਸਨੇ ਉਮਰ ਭਰ ਹੀ ਟੋਲ਼ਦੇ ਰਹਿਣਾ

ਉਹਦੀ ਚੁੱਪ ਤੇ ਮੁਹੱਬਤ ਹੋ ਗਈ ਹਾਵੀ ਕਿਸੇ ਦਿਨ ਤਾਂ
ਉਨ੍ਹੇ ਮਹਿਬੂਬ ਦਾ ਹੀ ਨਾਮ ਹਰਦਮ ਬੋਲਦੇ ਰਹਿਣਾ

ਉਦੈ ਹੁੰਦਾ ਹੈ ਜੋ ਉਹ ਅਸਤ ਹੋ ਜਾਂਦਾ ਹੈ ਸ਼ਾਮਾਂ ਨੂੰ
ਸਦਾ ਕੁਦਰਤ ਨੇ ਖ਼ੁਦ ਨੂੰ ਖ਼ੁਦ 'ਚ ਏਦਾਂ ਘੋਲ਼ਦੇ ਰਹਿਣਾ

ਮੇਰੇ ਵਿੱਚੋਂ ਗ਼ਜ਼ਲ ਨਿਤ ਦੇਵ ਫੁੱਟਦੀ ਹੈ ਨਵੀਂ ਕੋਈ
ਮੈਂ ਏਦਾਂ ਅਪਣੀਆਂ ਪਰਤਾਂ ਹਮੇਸ਼ਾ ਖੋਲ੍ਹਦੇ ਰਹਿਣਾ

•

## ਗ਼ਜ਼ਲ

ਗ਼ਜ਼ਲ ਮੇਰੀ ਨੂੰ ਕੋਈ ਸਾਜ਼ ਤੇ ਆਵਾਜ਼ ਦੇ ਰੱਬਾ
ਉਹ ਭਾਵੇਂ ਹੋਵੇ ਛੋਟੀ ਹੀ ਮਗਰ ਪਰਵਾਜ਼ ਦੇ ਰੱਬਾ

ਕਲਮ ਭਿੱਜੀ ਹੈ ਦਰਦਾਂ ਨਾਲ, ਹੈ ਖ਼ਾਲੀ ਸਫ਼ਾ ਦਿਲ ਦਾ
ਕਰੀਂ ਕਿਰਪਾ ਗ਼ਜ਼ਲ ਨੂੰ ਬਖ਼ਸ਼ ਹੁਣ ਆਗਾਜ਼ ਦੇ ਰੱਬਾ

ਮੈਂ ਚੰਦਰਮਾ ਨਹੀਂ ਹੋਇਆ, ਮੈਂ ਸੂਰਜ ਵੀ ਨਹੀਂ ਹੋਇਆ
ਕਿ ਮੈਨੂੰ ਦੀਪ ਵਾਂਗਰ ਜਗਣ ਦਾ ਅੰਦਾਜ਼ ਦੇ ਰੱਬਾ

ਜਿਹਦੀ ਖ਼ਾਤਰ ਹਜ਼ਾਰਾਂ ਹੱਥ ਵੱਢੇ ਜਾਣ ਲੋਕਾਂ ਦੇ
ਕਿਸੇ ਨੂੰ ਇਸ਼ਕ ਵਿੱਚ ਐਸੀ ਵੀ ਨਾ ਮੁਮਤਾਜ ਦੇ ਰੱਬਾ

ਵਤਨ ਦੀ ਆਨ ਦੀ ਖ਼ਾਤਰ ਜੋ ਅਪਣੀ ਜਾਨ ਦੇ ਦਿੰਦੇ
ਉਨ੍ਹਾਂ ਵਰਗਾ ਹੀ ਸਾਡੇ ਸੀਸ ਨੂੰ ਵੀ ਤਾਜ ਦੇ ਰੱਬਾ

ਸੁਨਾਮੀ ਹੈ ਖ਼ਿਆਲਾਂ ਵਿਚ ਮਗਰ ਹੁਣ ਬੇਬਸੀ ਕਿਉਂ ਹੈ
ਗ਼ਜ਼ਲ ਇਕ ਅਣਕਹੀ ਦੇ ਵਾਸਤੇ ਅਲਫ਼ਾਜ਼ ਦੇ ਰੱਬਾ

ਇਹ ਮੇਰੇ ਰਾਜ਼ ਮੇਰੇ ਨਾਲ ਹੀ ਤੁਰ ਜਾਣ ਨਾ ਕਿਧਰੇ
ਕਿਸੇ ਦੇ ਨਾਲ ਸਾਂਝੇ ਕਰ ਲਵਾਂ, ਹਮਰਾਜ਼ ਦੇ ਰੱਬਾ

ਇਹ ਛਾਲੇ ਮੇਰੇ ਦਿਲ ਦੇ ਭਰ ਫ਼ਿਸ ਜਾਵਣ ਦੇਵ ਗ਼ਜ਼ਲਾਂ ਵਿਚ
ਮੈਨੂੰ ਹੁਣ ਹਿਜਰ ਵਿਚ ਡੁੱਬੀ ਕੋਈ ਆਵਾਜ਼ ਦੇ ਰੱਬਾ

•



## ਗ਼ਜ਼ਲ

ਕਿਨਾਰੇ ਖੁਰਨਗੇ ਕਿ ਨਾ ਇਹ ਹਰ ਕਤਰੇ ਨੇ ਪੁੱਛਿਆ ਹੈ
ਇਬਾਦਤ ਰੋਕਣੇ ਦਾ ਢੰਗ ਕਿਉਂ ਹੁਜਰੇ ਨੇ ਪੁੱਛਿਆ ਹੈ

ਸਰਕ ਚੱਲੀ ਹੈ ਰੇਤਾ ਹੁਸਨ ਵਾਲੀ ਚਿਹਰਿਆਂ ਉੱਤੋਂ
ਤੇਰਾ ਜੋਬਨ ਹੈ ਕਿੱਥੇ, ਓਸ ਨੂੰ ਨਖ਼ਰੇ ਨੇ ਪੁੱਛਿਆ ਹੈ

ਭਲਾ ਕਿਉਂ ਅੰਨਦਾਤਾ ਮਰ ਰਿਹਾ ਸਲਫਾਸ ਖਾ-ਖਾ ਕੇ
ਕਿ ਹਰ ਵੇਲੇ ਹੀ ਪਟਵਾਰੀ ਨੂੰ ਇਹ ਖਸਰੇ ਨੇ ਪੁੱਛਿਆ ਹੈ

ਉਦ੍ਹੇ ਵਾਲ਼ਾਂ ਤੇ ਚਾਂਦੀ ਦਾ ਜਿਵੇਂ ਇਕ ਵਰਕ ਚੜ੍ਹ ਚੱਲਿਐ
ਸਜਾਉਣਾ ਕਿੰਝ ਹੈ ਮੈਨੂੰ? ਉਸ ਤੋਂ ਗ਼ਜ਼ਰੇ ਨੇ ਪੁੱਛਿਆ ਹੈ

ਹਯਾਤੀ 'ਤੇ ਤਾਂ ਪੈ ਚੱਲੀਆਂ ਨੇ ਤਿਰਕਾਲਾਂ ਮੇਰੀ ਜਾਨਿਬ
ਕਿਵੇਂ ਮੈਨੂੰ ਹੈ ਮਟਕਾਉਣਾ ਇਹ ਹੁਣ ਕਜਰੇ ਨੇ ਪੁੱਛਿਆ ਹੈ

ਬਿਰਧ ਮਾਂ ਏਸ ਥਾਂ 'ਤੇ ਹੀ ਤਾਂ ਬਾਪੂ ਨਾਲ ਸੀ ਰਹਿੰਦੀ
ਉਹ ਦੋਵੇਂ ਤੁਰ ਗਏ ਕਿੱਧਰ ਇਹ ਉਸ ਕਮਰੇ ਨੇ ਪੁੱਛਿਆ ਹੈ

•

## ਗ਼ਜ਼ਲ

ਲਿਖਣ ਭਾਵੇਂ ਨਾ ਜਾਣਾ ਮੈਨੂੰ ਵੀ ਸਨਮਾਨ ਦੇਵੋ ਜੀ
ਗ਼ਜ਼ਲ ਗੀਤੋਂ ਹਾਂ ਕਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਜੇ ਮੇਰੇ ਤਗਮਿਆਂ ਤੇ ਕਰ ਰਿਹਾ ਇਤਰਾਜ਼ ਹੈ ਕੋਈ
ਕਿਸੇ ਨੂੰ ਮੈਂ ਕੀ ਜਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਛੱਡੋ ਨੋਟਾਂ ਨੂੰ, ਖੀਸੇ ਭਰ ਦਊਂ ਨਾ' ਡਾਲਰਾਂ ਮੈਂ ਤੇ
ਜੀ ਵਰਤਾਓ ਕੁਈ ਭਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਬਣਨ ਡਾਲਰ ਦੇ ਅਠਵੰਜਾ, ਹੈ ਦੱਸੋ ਹੋਰ ਕੀ ਲੈਣਾ
ਤੁਹਾਡਾ ਕੀ ਹੈ ਜਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਤੁਸੀਂ ਮੇਰੇ ਤੇ ਇੱਕ ਅਹਿਸਾਨ ਕਰ ਕੇ ਦੇ ਦਿਓ ਮੈਨੂੰ
ਕੋਈ ਤਮਗਾ ਪੁਰਾਣਾ, ਮੈਨੂੰ ਵੀ ਸਨਮਾਨ ਦੇਵੇ ਜੀ



ਕਿਤੇ ਮੇਰੀ ਇਹ ਫੇਰੀ ਹੀ ਨਾ ਸੁੱਕੀ ਲੰਘ ਜਾਵੇ ਹੁਣ
ਮੈਂ ਗਲ਼ ਤਮਗਾ ਹੈ ਪਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਜਾਂ ਫਿਰ ਚਾਂਦੀ ਦਾ ਕੁਝ ਬਣਵਾ ਕੇ ਮੈਨੂੰ ਪਾ ਦਿਓ ਯਾਰੋ
ਮੈਂ ਖ਼ੁਦ ਪੈਸਾ ਹੈ ਲਾਣਾ, ਮੈਨੂੰ ਵੀ ਸਨਮਾਨ ਦੇਵੋ ਜੀ

ਜੇ ਚਾਂਦੀ ਲੱਗਦੀ ਮਹਿੰਗੀ ਤਾਂ ਫਿਰ ਇੱਕ ਸ਼ਾਲ ਹੀ ਲੱਭੋ
ਕੋਈ ਪਾਟਾ ਪੁਰਾਣਾ, ਮੈਨੂੰ ਵੀ ਸਨਮਾਨ ਦੇਵੋ ਜੀ

ਸ਼ਰਾਬਾਂ ਮੀਟ ਸਾਰਾ ਖ਼ਰਚ ਮੇਰੀ ਜੇਬ 'ਚੋਂ ਹੋਊ
ਤੁਸੀਂ ਬਸ ਪੈੱਗ ਹੈ ਲਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਖ਼ਬਰ ਅਖਬਾਰ ਵਿੱਚ ਮੇਰੀ ਤੁਸੀਂ ਛਪਵਾ ਦਿਉ ਇਕ ਵਾਰ
ਗਵਾ ਕੇ ਇੱਕ ਹੀ ਗਾਣਾ ਮੈਨੂੰ ਵੀ ਸਨਮਾਨ ਦੇਵੋ ਜੀ

ਗੁਆਚਾ, ਵਜ਼ਨ ਬਹਿਰਾਂ ਵਿਚ, ਭਾਵੇਂ ਦੇਵ ਹੈ ਫਿਰਦਾ
ਲੈ ਦੇ ਕੇ ਸਭ ਹੋ ਜਾਣਾ, ਮੈਨੂੰ ਵੀ ਸਨਮਾਨ ਦੇਵੋ ਜੀ

•

## ਗ਼ਜ਼ਲ

ਦੇਵ ਦੇ ਅੰਦਰ ਇਕ ਬੰਦਾ ਹੋਰ ਵੀ ਵਸਦਾ ਹੈ
ਵੇਖ ਕੇ ਸ਼ੀਸ਼ਾ ਜੋ ਅਪਣੇ ਆਪ ਤੋਂ ਡਰਦਾ ਹੈ

ਦੋਗਲਾ ਕਿਰਦਾਰ ਉਸ ਨੂੰ ਵੱਢਦਾ ਹੈ ਅੰਦਰੋਂ
ਉਹ ਤਦੇ ਹੀ ਆਪਣੀ ਮੌਤੇ ਹੀ ਨਿੱਤ ਮਰਦਾ ਹੈ

ਮਨ, ਸਲਾਈਆਂ ਨਾਲ਼ ਧਾਗਾ ਆਂਦਰਾਂ ਦਾ ਲੈ ਕੇ
ਉਮਰ ਭਰ ਦੇ ਸਭ ਅਧੂਰੇ ਖ਼ਾਬ ਵੀ ਬੁਣਦਾ ਹੈ

ਏਨੀਆਂ ਲਾਸ਼ਾਂ ਅਤੇ ਏਨੇ ਸਿਵੇ ਤੱਕੇ ਨੇ
ਇਹ ਵਤਨ ਪਹਿਲਾਂ ਜਿਹਾ ਹਰਗਿਜ਼ ਨਹੀਂ ਲਗਦਾ ਹੈ

ਓਸ 'ਤੇ ਵਿਸ਼ਵਾਸ ਭੋਰਾ ਨਾ ਰਿਹਾ ਹੁਣ ਮੈਨੂੰ
ਯਾਰ ਮੇਰਾ ਗ਼ੈਰ ਦਾ ਪਾਣੀ ਪਿਆ ਭਰਦਾ ਹੈ

ਪਿੰਡ ਰਹਿੰਦੇ ਤਾਂ ਚਲੋ ਫੁੱਲ ਵੀ ਚੁਗੇ ਜਾਣੇ ਸੀ
ਅਸਥੀਆਂ ਪਰਦੇਸ ਵਿੱਚ ਰੁਲਣੇ ਤੋਂ ਡਰ ਲਗਦਾ ਹੈ

ਬੁੱਤ ਘਾੜਾ ਬੁੱਤ ਲਾ ਕੇ ਆਪ ਭੁੱਖਾ ਮਰਿਆ
ਹਰ ਕੋਈ ਮੰਦਰ 'ਚ ਬੁੱਤ ਨੂੰ ਕਰ ਰਿਹਾ ਸਜਦਾ ਹੈ

•



## ਗ਼ਜ਼ਲ

ਕਦੇ ਉਸਤਾਦ ਅਪਣੇ ਤਾਲਿਬਾਂ ਤੋਂ ਅਗਮ ਨਾ ਹੁੰਦਾ
ਕਿਸੇ ਨੂੰ ਸਬਕ ਨਾ ਦੇਣਾ ਤਾਂ ਉਸਦਾ ਕਰਮ ਨਾ ਹੁੰਦਾ

ਬਹੁਤ ਗ਼ਜ਼ਲਾਂ ਜ਼ਿਹਨ ਵਿਚ ਫੁਰਦੀਆਂ ਤਾਂ ਨੇ ਹਰਕਿ ਦੇ ਪਰ
ਨਸੀਬਾਂ ਵਿੱਚ ਸਭ ਦੇ ਹੀ ਤਾਂ ਕਾਗ਼ਜ਼ ਕਲਮ ਨਾ ਹੁੰਦਾ

ਸਲੀਬੀਂ ਚੜ੍ਹਨ ਵਾਲਾ ਤਾਂ ਹਮੇਸ਼ਾਂ ਸੂਰਮਾ ਹੋਵੇ
ਕੁਈ ਬੁਜ਼ਦਿਲ ਵਤਨ ਖ਼ਾਤਿਰ ਕਦੇ ਵੀ ਕਲਮ ਨਾ ਹੁੰਦਾ

ਪਤਾ ਨਹੀਂ ਦੇਵ ਕਿਉਂ ਨਿਤ ਹੀ ਜੁਰਮ ਨਾਜ਼ਮ ਹੈ ਕਰਵਾਉਂਦਾ
ਕਿਉਂ ਜਰਵਾਣਾ ਇਹ ਹਾਕਮ ਦੇਸ਼ ਵਿੱਚੋਂ ਖ਼ਤਮ ਨਾ ਹੁੰਦਾ

ਕਿਸੇ ਨੂੰ ਕਤਲ ਦੀ ਇਜ਼ਾਜ਼ਤ ਨਾ ਮਜ਼੍ਹਬ ਦਿੰਦਾ
ਕਦੇ ਇਨਸਾਨੀਅਤ ਨੂੰ ਖ਼ਤਮ ਕਰਨਾ ਧਰਮ ਨਾ ਹੁੰਦਾ

ਬੜਾ, ਛੋਟਾ ਨਹੀਂ ਹੁੰਦਾ ਕਦੇ ਵੀ ਆਦਮੀ ਕੋਈ
ਕਿ ਪਰਜਾ ਤੋਂ ਕੁਈ ਹਾਕਮ ਕਦੇ ਵੀ ਪਰਮ ਨਾ ਹੁੰਦਾ

ਨਾ ਡਰ ਤੂੰ ਮੰਤਰਾਂ ਤੇ ਤੰਤਰਾਂ ਤੋਂ ਭਰਮ ਹੁੰਦੇ ਇਹ
ਡਰਾਵੇ ਨੇ ਇਨ੍ਹਾਂ ਦੇ ਨਾਲ ਕੋਈ ਭਸਮ ਨਾ ਹੁੰਦਾ

ਬੜੇ ਹੀ ਫੁੱਲ ਖਿੜ ਕੇ ਛੱਪੜਾਂ ਵਿਚ ਖ਼ਤਮ ਹੋ ਜਾਂਦੇ
ਮਗਰ ਹਰ ਫੁੱਲ ਖਿੜਦਾ ਛੱਪੜਾਂ ਵਿਚ ਪਦਮ ਨਾ ਹੁੰਦਾ

ਤੜਪਦੇ, ਸਹਿਕਦੇ ਨੂੰ ਛੱਡ ਕੇ ਕੋਈ ਚਲਾ ਜਾਵੇ
ਕਿ ਏਨਾ ਦੇਵ ਕੋਈ ਸ਼ਖ਼ਸ਼ ਵੀ ਬੇ-ਰਹਿਮ ਨਾ ਹੁੰਦਾ

•



## ਗ਼ਜ਼ਲ

ਕਿਸੇ ਦਾ ਦੁੱਖ ਦੇਖਣ ਤੇ ਵੀ ਜਿਹੜਾ ਨਰਮ ਨਾ ਹੁੰਦਾ
ਕਿ ਐਸੇ ਦਿਲ ਦੇ ਅੰਦਰ ਤਾਂ ਕਦੇ ਵੀ ਧਰਮ ਨਾ ਹੁੰਦਾ

ਇਹ ਮਿਲ਼ਦੈ ਆਪਣਿਆਂ ਕੋਲ਼ੋਂ, ਤੇ ਮਿਲ਼ਦੈ ਵੀ ਹੈ ਦਿਲ ਉੱਤੇ
ਤਬੀਬਾਂ ਕੋਲ ਵੀ ਇਸ ਜ਼ਖ਼ਮ ਦਾ ਫਿਰ ਮਲ੍ਹਮ ਨਾ ਹੁੰਦਾ

ਲੁਕੋਵੋ ਲੱਖ ਵਾਰੀ ਵੀ, ਕਦੇ ਇਹ ਰਾਜ਼ ਨਾ ਲੁਕਦਾ
ਨਿਵਾਲਾ ਇਸ਼ਕ ਦਾ ਏਥੇ ਕਿਸੇ ਤੋਂ ਹਜ਼ਮ ਨਾ ਹੁੰਦਾ

ਗਿਲੇ ਸ਼ਿਕਵੇ ਹਜ਼ਾਰਾਂ ਹੋਣ ਭਾਵੇਂ ਯਾਰ ਆਪਣੇ ਨਾਲ
ਇਹ ਰਿਸ਼ਤਾ ਪਿਆਰ ਦਾ ਸੌ ਜਨਮ ਤੀਕਰ ਖ਼ਤਮ ਨਾ ਹੁੰਦਾ

ਬੜੇ ਲੋਕੀ ਤੁਹਾਡੇ ਦਿਲ ਚ ਰਹਿ ਸਕਦੇ ਬਿਨਾ ਪੁੱਛੇ
ਮਗਰ ਇਹਨਾਂ 'ਚੋਂ ਹਰ ਕੋਈ ਤੁਹਾਡਾ ਸਨਮ ਨਾ ਹੁੰਦਾ

ਹੈ ਮਿਲਦੀ ਜ਼ਿੰਦਗੀ ਇਕ ਵਾਰ ਇਸ ਨੂੰ ਰੱਜ ਕੇ ਹੰਢਾ
ਕਦੇ ਇੱਕੋ ਤਰ੍ਹਾਂ ਦਾ ਫਿਰ ਦੁਬਾਰਾ ਜਨਮ ਨਾ ਹੁੰਦਾ

•

## ਗ਼ਜ਼ਲ

ਗ਼ਜ਼ਲ ਵਿਚ ਤੂੰ ਰਿਹਾ ਸੀ ਟੋਲਦਾ ਪਰ ਮੈਂ ਕਹਾਣੀ ਵਿਚ ਸੀ
ਤੂੰ ਖਾਲ਼ੀ ਮੁੜ ਗਿਆ ਕੰਢੇ ਤੋਂ ਲੇਕਿਨ ਮੈਂ ਤੇ ਪਾਣੀ ਵਿਚ ਸੀ

ਰਿਹਾ ਤੂੰ ਭਾਲਦਾ ਮੰਦਰ ਮਸੀਤਾਂ ਵਿਚ ਹਮੇਸ਼ਾ ਉਸ ਨੂੰ
ਉਹ ਨਾਲ਼ੇ ਤਾਂ ਤੇਰੇ ਅੰਦਰ ਵਸੇਂਦਾ ਨਾਲੇ ਬਾਣੀ ਵਿਚ ਸੀ

ਹਜ਼ਾਰਾਂ ਵਾਰ ਕਰ ਕੇ ਦੇਖ ਚੁੱਕੇ ਹਾਂ ਅਸੀਂ ਹੁਣ ਤੀਕ
ਨਵੀਂ ਵਿਚ ਉਹ ਮਜ਼ਾ ਕਿੱਥੇ ਜਿਹੜਾ ਉਲਫ਼ਤ ਪੁਰਾਣੀ ਵਿਚ ਸੀ

ਬਿਗਾਨੇ ਸਾਥ ਤਾਂ ਮਿਲ ਜਾਣਗੇ ਏਥੇ ਹਜ਼ਾਰਾਂ ਰੋਜ਼
ਮਗਰ ਉਹ ਪਿਆਰ ਨਾ ਮਿਲਣਾ ਜਿਹੜਾ ਅਪਣੀ ਸੁਆਣੀ ਵਿਚ ਸੀ

ਜੋ ਵੀ ਆਇਆ ਉਹੀ ਫੁੱਲ ਤੋੜ ਕੇ ਸੀ ਲੈ ਗਿਆ ਚੁਪ ਚਾਪ
ਕਿਸੇ ਨੇ ਸਮਝਿਆ ਨਾ ਦਰਦ ਜੋ ਕੰਬਦੀ ਉਹ ਟਾਹਣੀ ਵਿਚ ਸੀ

ਲੜਾਈ ਲੜਦਿਆਂ ਨੂੰ ਕੌਣ ਸਮਝਾਉਂਦਾ ਭਲਾ ਇਹ ਦੇਵ
ਹਰਿਕ ਮੁਸ਼ਕਲ ਦਾ ਹੱਲ ਤਾਂ ਲੱਭਣਾ ਬਸ ਗੱਲ ਸਿਆਣੀ ਵਿਚ ਸੀ

•



## ਗ਼ਜ਼ਲ

ਨਦੀ ਬਣ ਕੇ ਕਿਨਾਰੇ ਖੋਰ ਦੇਵਾਂ
ਮੈਂ ਝਰਨਾ ਹਾਂ ਮੈਂ ਪੱਥਰ ਭੋਰ ਦੇਵਾਂ

ਮੈਂ ਝੱਖੜ ਬਣ ਕੇ ਸਾਰੇ ਬਿਰਖ ਪੁੱਟਾਂ
ਮਚਾ ਖ਼ਲਕਤ ਦੇ ਵਿਚ ਮੈਂ ਸ਼ੋਰ ਦੇਵਾਂ

ਛਿਣਾਂ ਵਿਚ ਮੈਂ ਕਰ ਦਵਾਂ ਖ਼ਤਮ ਸਭ ਕੁਝ
ਜ਼ਲਜ਼ਲੇ ਨਾਲ ਸਭ ਨੂੰ ਤੋਰ ਦੇਵਾਂ

ਮੈਂ ਕੁਦਰਤ ਹਾਂ ਅਨੇਕ ਧਰਤ ਅੰਬਰ
ਜੇ ਚਾਹਾਂ ਸਿਰਜ ਲੋਕੋ ਹੋਰ ਦੇਵਾਂ

ਜਦੋਂ ਬਣ ਮੌਤ ਆਵਾਂ ਹਰ ਕਿਸੇ ਨੂੰ
ਪਲਾਂ ਅੰਦਰ ਪੁਚਾ ਮੈਂ ਗੋਰ ਦੇਵਾਂ

ਪਤਾ ਮੈਂ ਕੌਣ? ਜਲ ਥਲ ਕਰ ਦਿਆਂ ਬਸ
ਧਰਤ ਸੂਰਜ ਉਡਾ ਵਿਚ ਫੋਰ ਦੇਵਾਂ

ਤੂੰ ਅਪਣੇ ਆਪ ਨੂੰ ਕੀ ਦੇਵ ਸਮਝੇਂ
ਤਿਰੇ ਵਰਗੇ ਬਣਾ ਮੈਂ ਹੋਰ ਦੇਵਾਂ

•

## ਗ਼ਜ਼ਲ

ਖ਼੍ਵਾਬ ਸੀ ਪੂਰੇ ਮਗਰ ਤਾਬੀਰ ਅੱਧੀ ਰਹਿ ਗਈ
ਫ਼ੇਰ ਮੇਰੇ ਇਸ਼ਕ ਦੀ ਤਸਵੀਰ ਅੱਧੀ ਰਹਿ ਗਈ

ਉਂ ਇਬਾਦਤ ਇਸ਼ਕ ਵਿਚ ਸੀ ਪੱਕੀ ਕੜੀਆਂ ਮਗਰ
ਵਕਤ ਦੀ ਚੱਕੀ 'ਚ ਘਸ ਜੰਜ਼ੀਰ ਅੱਧੀ ਰਹਿ ਗਈ

ਜਦ ਸਿਆਹੀ ਰੱਬ ਦੀ ਮੁੱਕੀ ਮਿਰੇ ਕਾਗ਼ਜ਼ 'ਤੇ ਆ
ਫਿਰ ਤਾਂ ਕਿਸਮਤ ਦੀ ਹੀ ਸੀ ਤਹਿਰੀਰ ਅੱਧੀ ਰਹਿ ਗਈ

ਆਪਣੀ ਉਲਫ਼ਤ ਸਿਖਰ 'ਤੇ ਸੀ ਖਰੇ ਕੀ ਹੋ ਗਿਆ
ਸੌਂ ਗਏ ਸੀ ਉਹ ਅਤੇ ਤਫ਼ਸੀਰ ਅੱਧੀ ਰਹਿ ਗਈ

ਹੋ ਗਿਆ ਨਾਕਾਮ ਤਾਂ ਕਿਸਮਤ 'ਤੇ ਹੀ ਸ਼ਿਕਵਾ ਰਿਹਾ
ਮਗਰ ਸੋਚਦਾ ਕਿਉਂ ਨਾ ਮੈਂ ਤਦਬੀਰ ਅੱਧੀ ਰਹਿ ਗਈ



ਜ਼ਿੰਦਗੀ ਵਿਚ ਉਂਞ ਤਾਂ ਸਭ ਕੁਝ ਹੀ ਪ੍ਰਾਪਤ ਸੀ ਮਗਰ
ਲੱਗਿਆ ਇਉਂ ਬਿਨ ਤਿਰੇ ਤਕਦੀਰ ਅੱਧੀ ਰਹਿ ਗਈ

ਉਮਰਾ ਭਰ ਉਂ ਤਾਂ ਗ਼ਮਾਂ ਦੇ ਨਾਲ ਵਾਬਸਤਾ ਰਿਹਾ
ਹੌਲ਼ੇ ਹੌਲ਼ੇ ਹਿਜਰ ਦੀ ਤਾਸੀਰ ਅੱਧੀ ਰਹਿ ਗਈ

ਸੀ ਮਸਾਂ ਮਜ਼ਬੂਤ ਹੋਈ ਇਸ਼ਕ ਦੀ ਬੁਨਿਆਦ ਪਰ
ਉੱਠਿਆ ਝੱਖੜ ਤਾਂ ਫਿਰ ਤਾਮੀਰ ਅੱਧੀ ਰਹਿ ਗਈ

•

**ਸ਼ਬਦ ਅਰਥ** =

*ਤਾਮੀਰ* = *ਉਸਾਰਨਾ, ਬਣਾਉਣਾ*
*ਤਾਬੀਰ* = *ਅੰਤ, ਨਤੀਜਾ, ਕਿਆਮਤ*
*ਤਹਿਰੀਰ* = *ਲਿਖਤ, ਦਸਤਾਵੇਜ਼, ਮਜ਼ਮੂਨ*
*ਤਫ਼ਸੀਰ* = *ਵਿਆਖਿਆ*
*ਤਦਬੀਰ* = *ਯੋਜਨਾ, ਵਿਉਂਤ, ਉਪਾਓ*
*ਤਾਸੀਰ* = *ਨਿਸ਼ਾਨ, ਨਤੀਜਾ, ਅਸਰ*

## ਗ਼ਜ਼ਲ

ਤੂੰ ਜਦੋਂ ਮੇਰੇ ਰੂ ਬ ਰੂ ਹੋਣਾ
ਜ਼ਿੰਦਗੀ ਨੇ ਉਦੋਂ ਸ਼ੁਰੂ ਹੋਣਾ

ਤੇਰੇ ਬਿਨ ਜ਼ਿੰਦਗੀ ਉਦਾਸ ਬਹੁਤ
ਨਾਲ ਤੇਰੇ ਮੈਂ ਸੁਰਖ਼ਰੂ ਹੋਣਾ

ਟੁੱਟ ਕੇ ਅੰਬਰੋਂ ਮੈਂ ਲੀਕ ਬਣਿਆ ਹਾਂ
ਲੇਖ ਵਿਚ ਨਹੀਂ ਸੀ ਧਰੂ ਹੋਣਾ

ਤੇਰਾ ਦੀਦਾਰ ਹੀ ਮੇਰਾ ਤੀਰਥ
ਮੈਂ ਤੇਰੇ ਦਰ ਦਾ ਯਾਤਰੂ ਹੋਣਾ

ਦੇਵ ਦਰਿਆ ਵੀ ਬਣ ਹੀ ਸਕਦਾ ਸੀ
ਲੇਖ ਵਿਚ ਪਰ ਸੀ ਅੱਥਰੂ ਹੋਣਾ

•



## ਗ਼ਜ਼ਲ

ਦਿਲ ਲਗਾਇਆ ਸੀ ਪਰੰਤੂ ਕੁਝ ਨਾ ਹਾਸਿਲ ਹੋਇਆ
ਨਾਲ ਜਿਸ ਦੇ ਇਸ਼ਕ ਕੀਤਾ ਉਹ ਹੀ ਕਾਤਿਲ ਹੋਇਆ

ਅੱਧ ਵਿਚਾਲ਼ੇ ਡੁਬ ਗਿਆ ਮੇਰਾ ਸਫ਼ੀਨਾ ਯਾਰੋ
ਨਾ ਤਾਂ ਉਹ ਮਾਂਝੀ ਹੀ ਬਣਿਆ ਤੇ ਨਾ ਸਾਹਿਲ ਹੋਇਆ

ਓਸ ਵੇਲੇ ਰੁੱਸ ਗਈਆਂ ਮੇਰੀਆਂ ਤਨਹਾਈਆਂ
ਜਦ ਕਦੇ ਉਹ ਮੇਰੀਆਂ ਯਾਦਾਂ 'ਚ ਸ਼ਾਮਿਲ ਹੋਇਆ

ਜ਼ਿੰਦਗੀ ਕੀ ਕੀ ਸਿਖਾਉਂਦੀ, ਆਦਮੀ ਨੂੰ ਉਂਝ ਤਾਂ
ਪਰ ਕਦੇ ਨਾ ਇਲਮ ਕਰ ਕੇ ਕੋਈ ਕਾਮਿਲ ਹੋਇਆ

ਨਾ ਮਿਲੀ ਸੀ ਜ਼ਿੰਦਗੀ ਤੇ ਨਾ ਕਦੇ ਆਈ ਸੀ ਮੌਤ
ਇਸ ਤਰ੍ਹਾਂ ਚੁੱਪ ਚਾਪ ਹੀ ਹਰ ਖ਼ਾਬ ਧੂਮਿਲ ਹੋਇਆ

ਉਂਝ ਤਾਂ ਸਾਰੀ ਉਮਰ ਹੀ ਉਸ ਦੇ ਸ਼ਹਿਰ ਗੇੜੇ ਲਾਏ
ਫਿਰ ਵੀ ਮੈਥੋਂ ਦੇਵ ਕਮਲ਼ੇ ਨਾਲ ਨਾ ਮਿਲ ਹੋਇਆ

•

## ਗ਼ਜ਼ਲ

ਗੱਲ ਉਸਦੀ ਦਾ ਕਦੇ ਵੀ ਮੈਂ ਗਿਲਾ ਕੀਤਾ ਨਹੀਂ
ਜਿਸ ਨੂੰ ਵੀ ਮੈਂ ਲੋਚਿਆ ਮੇਰਾ ਉਹ ਤੇ ਹੋਯਾ ਨਹੀਂ

ਤੂੰ ਜੇ ਦੁਸ਼ਮਣ ਮੰਨਦੈਂ ਮੈਨੂੰ ਤਾਂ ਮਰਜ਼ੀ ਹੈ ਤੇਰੀ
ਪਰ ਮੈਂ ਤੇਰਾ ਤਾਂ ਕਦੇ ਵੀ ਸੋਚਿਆ ਮਾੜਾ ਨਹੀਂ

ਉਮਰ ਭਰ ਹੀ ਜਿਸ ਦੇ ਦਰ 'ਤੇ ਮੈਂ ਸੀ ਮੱਥਾ ਟੇਕਿਆ
ਉਮਰ ਭਰ ਹੀ ਉਹ ਕਦੇ ਮੇਰਾ ਖ਼ੁਦਾ ਬਣਿਆ ਨਹੀਂ

ਬਹੁਤ ਚਿਰ ਤੋਂ ਮੈਂ ਕਿਵੇਂ ਬੇਚੈਨ ਹਾਂ, ਮੈਂ ਜਾਣਦਾਂ
ਕਿਉਂ ਭਲਾ ਇੱਕ ਸ਼ਖ਼ਸ ਮੈਨੂੰ ਰਾਤ ਦਿਨ ਭੁੱਲਦਾ ਨਹੀਂ

ਮੈਂ ਪਿਆਸਾ ਭਟਕਦਾ ਸੀ ਜੇਸ ਪਿੱਛੇ ਅੱਜ ਤੀਕ
ਉਹ ਤਾਂ ਮਾਤਰ ਰੇਤ ਛਲ ਸੀ, ਵਗ ਰਿਹਾ ਦਰਿਆ ਨਹੀਂ

ਉਹ ਤਾਂ ਆਪਣੇ ਸ਼ੋਰ ਅੰਦਰ ਮਸਤ ਰਹਿੰਦਾ ਹੈ ਸਦਾ
ਉਸ ਨੇ ਮੇਰੀ ਚੀਕ ਨੂੰ ਅੱਜ ਤੀਕਰਾਂ ਸੁਣਿਆ ਨਹੀਂ

ਰੋਜ਼ ਕਿੰਨੀਆਂ 'ਨੇਰੀਆਂ ਸੀ ਜ਼ੋਰ ਲਾ ਕੇ ਵਗਦੀਆਂ
ਦੇਵ ਦਾ ਦੀਵਾ ਕਦੇ ਉਹਨਾਂ ਕੋਲੋਂ ਬੁਝਿਆ ਨਹੀਂ

•



## ਗ਼ਜ਼ਲ

ਤਿਰੀ ਦੁਨੀਆਂ 'ਚ ਆ ਕੇ ਵੀ ਇਹ ਸ਼ਰੀਅਤ ਮੈਂ ਨਹੀਂ ਕਰਦਾ
ਹੈ ਫ਼ਤਵਾ ਇਹ ਇਲਾਹੀ ਪਰ ਅਕੀਦਤ[1] ਮੈਂ ਨਹੀਂ ਕਰਦਾ

ਉਜਾੜੇ ਨੇ ਚਮਨ ਕਿੰਨੇ ਮਸਲ ਦਿੱਤੇ ਨੇ ਗੁੱਲ ਇਹਨਾਂ
ਕਫਸ[2] ਵਿਚ ਬੰਦ ਪੰਛੀ ਨੂੰ ਵੀ ਬਰੀਅਤ[3] ਮੈਂ ਨਹੀਂ ਕਰਦਾ

ਤੁਫ਼ਾਨਾਂ ਵਿਚ ਫ਼ਸੀ ਕਿਸ਼ਤੀ, ਮਗਰ ਰਹਿਮਤ ਹੈ ਮੌਲਾ ਦੀ
ਖ਼ੁਦਾ ਦੇ ਬਸ਼ਰ ਨੂੰ ਹਰਗਿਜ਼ ਨਸੀਹਤ ਮੈਂ ਨਹੀਂ ਕਰਦਾ

ਸ਼ਖ਼ਸ ਸਾਰੇ ਹੀ ਰੱਬਾ ਹਨ ਇਹ ਤਾਂ ਬੰਦੇ ਤਿਰੇ ਐਪਰ
ਕਿਉਂ ਫਿਰ ਵੀ ਨਾਲ ਇਨ੍ਹਾਂ ਦੇ ਮੁਹੱਬਤ ਮੈਂ ਨਹੀਂ ਕਰਦਾ

ਉਠਾ ਲੈ ਏਸ ਦੁਨੀਆਂ ਤੋਂ ਖ਼ੁਦਾ, ਹੁਣ ਤਾਂ ਦਿਲ ਨਹੀਂ ਲਗਦਾ
ਤੂੰ ਪੁੱਛੀਂ ਮਿਲ ਕੇ ਕਿਉਂ ਤੇਰੀ ਇਬਾਦਤ ਮੈਂ ਨਹੀਂ ਕਰਦਾ

ਬੁਲਾਇਆ ਹੈ ਬਥੇਰੀ ਵਾਰ ਮਹਿਫ਼ਲ ਵਿੱਚ ਸਾਕੀ ਨੇ
ਮਿਲਣ ਦੀ ਚਾਹ ਸੀ ਉਸਦੀ ਪਰ ਵਜ਼ਾਹਤ ਮੈਂ ਨਹੀਂ ਕਰਦਾ

ਉਹ ਰਿੰਦਾਂ ਦੀ ਭਰੀ ਮਹਿਫ਼ਲ 'ਚ ਭਾਵੇਂ ਬਹਿਕ ਵੀ ਜਾਵੇ
ਕਿ ਉਸਦੇ ਨਾਲ਼ ਪਰ ਹਰਗਿਜ਼ ਸ਼ਰਾਰਤ ਮੈਂ ਨਹੀਂ ਕਰਦਾ

ਨਹੀਂ ਕਾਮਿਲ ਸਚਾਈ ਵਿੱਚ ਕੋਈ ਦੇਵ ਦੁਨੀਆਂ 'ਤੇ
ਕਿਸੇ ਦੇ ਨਾਲ਼ ਤਾਂ ਹੀ ਤਾਂ ਫ਼ਜ਼ੀਹਤ[4] ਮੈਂ ਨਹੀਂ ਕਰਦਾ

•

**ਸ਼ਬਦ ਅਰਥ =**

*1. ਅਕੀਦਤ = ਇਜ਼ਤ, 2. ਕ਼ਫ਼ਸ = ਪਿੰਜਰਾ,*
*3. ਬਰੀਅਤ = ਮੁਕਤ, 4. ਫ਼ਜ਼ੀਹਤ = ਤਕਰਾਰ*



## ਗ਼ਜ਼ਲ

ਬੜਾ ਹੀ ਚੈਨ ਹੈ ਹਲਚਲ ਦੇ ਹੁੰਦੇ ਹੋਏ ਵੀ
ਨਦੀ ਇਕ ਸ਼ਾਂਤ ਹੈ ਕਲਕਲ ਦੇ ਹੁੰਦੇ ਹੋਏ ਵੀ

ਬੜਾ ਜਿਗਰਾ ਹੈ ਸਾਡਾ ਇਸ਼ਕ ਦੇ ਰਾਹ ਤੁਰਦਿਆਂ
ਅਸਾਨੂੰ ਪਿਆਸ ਨਹੀ ਹੈ ਥਲ ਦੇ ਹੁੰਦੇ ਹੋਏ ਵੀ

ਮਹਿਜ਼ ਪੈਸਾ ਹੀ ਹੈ ਪਰਦੇਸ ਵਿਚ, ਖ਼ੁਸ਼ੀਆਂ ਨਹੀਂ
ਤੇ ਘਰ ਵਿੱਚ ਐਸ਼ ਸੀ, ਮੁਸ਼ਕਲ ਦੇ ਹੁੰਦੇ ਹੋਏ ਵੀ

ਪਤਾ ਨਹੀਂ ਹਿਜਰ ਦੀ ਧੁਪ ਵਿਚ ਉਹ ਕਿੱਦਾਂ ਸੜ ਗਿਆ
ਫਲਕ ਤੇ ਇਸ਼ਕੀਆ ਬੱਦਲ਼ ਦੇ ਹੁੰਦੇ ਹੋਏ ਵੀ

ਸਦਾ ਪਾਟੇ ਪੁਰਾਣੇ ਖੱਦਰਾਂ 'ਤੇ ਡੁੱਲਿਆ
ਉਹ ਆਪਣੇ ਘਰ 'ਚ ਹੀ ਮਖ਼ਮਲ ਦੇ ਹੁੰਦੇ ਹੋਏ ਵੀ

ਕਿਸੇ ਨੇ ਅਲਵਿਦਾ ਜਦ ਆਖ ਦਿੱਤਾ ਓਸ ਨੂੰ
ਉਹ ਹੱਸਿਆ ਗ਼ਮਜ਼ਦਾ ਇਸ ਪਲ ਦੇ ਹੁੰਦੇ ਹੋਏ ਵੀ

•

## .ਗਜ਼ਲ

ਚੁੱਪ ਕਰ ਕੇ ਹਰ ਕਿਸੇ ਉੱਤੇ ਕਰਾਂ ਇਤਬਾਰ ਮੈਂ ਨਾ
ਵਕਤ ਤੋਂ ਲੁਕਿਆ ਫਿਰੇ ਉਹ ਦੋਗਲਾ ਸਰਦਾਰ ਮੈਂ ਨਾ

ਫੁੱਲ ਦੀਆਂ ਪੱਤੀਆਂ ਦੇ ਵਾਂਗੂੰ ਮੈਂ ਰਹਾਂ ਕੋਮਲ ਹਮੇਸ਼ਾ
ਚੁੰਨੀਆਂ ਦੇ ਨਾਲ਼ ਜਿਹੜਾ ਉਲਝਦਾ ਉਹ ਖਾਰ ਮੈਂ ਨਾ

ਸਾਗਰਾਂ ਤੋਂ ਪਾਰ ਲਾ ਸਕਦਾ ਨਹੀਂ ਚੱਲ ਮੰਨਿਆ ਇਹ
ਖ਼ੁਦ ਹੀ ਬੇੜੀ ਡੋਬ ਦੇਵੇ ਐਸਾ ਵੀ ਪਤਵਾਰ ਮੈਂ ਨਾ

ਕਿਸ ਤਰ੍ਹਾਂ ਮੈਂ ਹਰ ਕਿਸੇ ਦੇ ਦਿਲ ਦੇ ਅੰਦਰਲੀ ਨੂੰ ਜਾਣਾਂ
ਸਿਰਫ਼ ਇੱਕ ਅਦਨਾ ਜਿਹਾ ਇਨਸਾਨ ਹਾਂ ਅਵਤਾਰ ਮੈਂ ਨਾ

ਜੋ ਹੈ ਮੇਰੇ ਦਿਲ ਚ ਯਾਰਾ, ਹੈ ਜ਼ੁਬਾਨ ਉੱਤੇ ਵੀ ਓਹੀ
ਧਾਰ ਲਵਾਂ ਦੋ ਰੂਪ ਕਿੱਦਾਂ ਏਨਾਂ ਵੀ ਹੁਸ਼ਿਆਰ ਮੈਂ ਨਾ

ਮੰਜ਼ਲਾਂ ਤੇ ਜਾਣ ਖ਼ਾਤਰ ਕੁਚਲ ਦੇਵੇ ਦੂਜਿਆਂ ਨੂੰ
ਝੂਠ ਨੂੰ ਜੋ ਸੱਚ ਆਖੇ ਐਸਾ ਵੀ ਕਿਰਦਾਰ ਮੈਂ ਨਾ
•



## .ਗਜ਼ਲ

ਨਫ਼ਰਤਾਂ ਤੂੰ ਆਪਣੇ ਦਿਲ ’ਚੋਂ ਭਜਾ ਕੇ ਦੇਖ ਲੈ
ਪਿਆਰ ਦੇ ਆਲਮ ’ਚ ਦਿਲ ਅਪਣਾ ਜਲਾ ਕੇ ਦੇਖ ਲੈ

ਪਿਆਰ ਮਸਜਿਦ, ਪਿਆਰ ਮੰਦਰ, ਪਿਆਰ ਹੀ ਮਾਂ ਪਿਉ ਜਿਵੇਂ
ਪਿਆਰ ਨੂੰ ਦਿਲ ਵਿਚ ਕਦੇ ਅਪਣੇ ਵਸਾ ਕੇ ਦੇਖ ਲੈ

ਜ਼ਿੰਦਗੀ ਛੋਟੀ ਹੈ ਨਾ ਕਰ ਸਲਫਾਸ ਖਾ ਬਰਬਾਦ ਤੂੰ
ਫ਼ਸਲ ਬਹੁਤੀ ਦਾ ਤੂੰ ਪਰਦਾ ਤੇ ਹਟਾ ਕੇ ਦੇਖ ਲੈ

ਹੋ ਗਿਆ ਹੈਂ ਕਿਉਂ ਤੂੰ ਪਿਆਸਾ ਖ਼ੂਨ ਦਾ ਦੱਸੀਂ ਭਲਾ
ਸੁੱਟ ਕੇ ਤਲਵਾਰ ਉਲਫਤ ਨੂੰ ਵਿਆਹ ਕੇ ਦੇਖ ਲੈ

ਧਰਤ ਤੇ ਕੋਈ ਵੀ ਛੋਟਾ ਜਾਂ ਬੜਾ ਹੁੰਦਾ ਨਹੀਂ
ਰੰਜਸ਼ਾਂ ਨੂੰ ਭੁੱਲ ਕੇ ਦਿਲ ਨੂੰ ਹਸਾ ਕੇ ਦੇਖ ਲੈ

ਫੁੱਲ ਰੰਗਾਂ ਨਾਲ ਹੀ ਤਾਂ ਸ਼ੋਭਦੇ ਨੇ ਚਮਨ ਵਿਚ
ਘਰ ਨੂੰ ਵੀ ਫੁੱਲਾਂ ਦੇ ਵਾਂਗਰ ਤੂੰ ਸਜਾ ਕੇ ਦੇਖ ਲੈ

ਜੇ ਇਲਾਹੀ ਪਿਆਰ ਹੋਵੇ ਨਾਲ ਹੋਵੇ ਮਜ਼੍ਹਬ ਵੀ
ਪਿਆਰ ਫਿਰ ਇਹ ਦੇਵ ਦਾ ਦਿਲ ਵਿਚ ਵਸਾ ਕੇ ਦੇਖ ਲੈ
•

## ਗ਼ਜ਼ਲ

ਖ਼ਲਿਸ਼ ਨਾ ਦਿਲ ਵਿੱਚ ਸੀ ਹਲਚਲ ਦੇ ਹੁੰਦੇ ਹੋਏ ਵੀ
ਸਿਫ਼ਰ ਹੀ ਮੈਂ ਤਾਂ ਰਿਹਾ ਹਾਸਲ ਦੇ ਹੁੰਦੇ ਹੋਏ ਵੀ

ਸੋਚਦਾ ਹੈ ਆਪ ਵੀ ਅਜ ਕਲ ਤਾਂ ਏਹੋ ਖ਼ੁਦਾ
ਕੁਝ ਨ ਬਣ ਸਕਦੈ ਖ਼ੁਦਾ ਕਾਮਲ ਦੇ ਹੁੰਦੇ ਹੋਏ ਵੀ

ਹੋ ਕੇ ਬੇ-ਵਤਨਾ ਉਹ ਉਲਝਣ ਵਿਚ ਹਰ ਪਲ ਸੋਚਦੈ
ਹਰ ਖੁਸ਼ੀ ਮਿਲਦੀ ਸੀ ਘਰ ਮੁਸ਼ਕਲ ਦੇ ਹੁੰਦੇ ਹੋਏ ਵੀ

ਸ਼ਿਸਤ ਲਾ ਕੇ ਓਸਨੂੰ ਜਦ ਫ਼ੜ ਲਿਐ ਸੱਯਾਦ ਨੇ
ਉੱਡਿਆ ਹੱਥਾਂ ਚੋਂ ਉਹ ਕਾਮਲ ਦੇ ਹੁੰਦੇ ਹੋਏ ਵੀ

ਤਰਸਿਆ ਹੈ ਇਸ਼ਕ ਦੀ ਉਹ ਰੰਗਲੀ ਬਰਸਾਤ ਨੂੰ
ਓਸਦੇ ਸਿਰ ਸੰਘਣੇ ਬੱਦਲ ਦੇ ਹੁੰਦੇ ਹੋਏ ਵੀ

ਉਮਰ ਭਰ ਬਸ ਉਹ ਤਾਂ ਪਰਛਾਵੇਂ ਹੀ ਫੜਦਾ ਰਹਿ ਗਿਆ
ਗੋਦੜੀ ਵਿਚ ਹੀ ਰਿਹਾ ਮਖਮਲ ਦੇ ਹੁੰਦੇ ਹੋਏ ਵੀ

ਅਲਵਿਦਾਈ ਦੇ ਸਮੇਂ ਵੀ ਅੱਖ ਉਸਨੇ ਨਾ ਭਰੀ
ਵਿਛੜਦੇ ਅੱਖਾਂ ਦੇ ਵਿਚ ਸੇਜਲ ਦੇ ਹੁੰਦੇ ਹੋਏ ਵੀ

ਕਤਲ ਕਰਕੇ ਦੇਵ ਦਾ ਉਸ ਹਾਦਸਾ ਹੀ ਆਖਿਆ
ਉਹ ਬਰੀ ਹੋਇਆ ਬਿਸ਼ੱਕ , ਮਕਤਲ ਦੇ ਹੁੰਦੇ ਹੋਏ ਵੀ
•



## ਗ਼ਜ਼ਲ

ਸਫ਼ਰ ਦੇ ਵਿੱਚ ਨਾ ਮਿਲਦਾ ਕਦੋਂ ਦੇ ਘਰ ਗਏ ਹੁੰਦੇ
ਸੁਧਰ ਜਾਂਦੇ ਅਸੀਂ ਹੁਣ ਤਕ ਨ ਏਦਾਂ ਅੱਥਰੇ ਹੁੰਦੇ

ਬਹਿਸ਼ਤੀ ਮਿਲਣੀਆਂ ਹੂਰਾਂ, ਖਬਰ ਪੱਕੀ ਜੇ ਹੁੰਦੀ ਤਾਂ
ਮਿਰੇ ਵਰਗੇ ਵੀ ਹੁਣ ਤੀਕਰ ਕਦੋਂ ਦੇ ਮਰ ਗਏ ਹੁੰਦੇ

ਇਹ ਦਿਲ ਦਾ ਜ਼ਖਮ ਹੈ ਕੋਈ ਵੀ ਹੁੰਦਾ ਨ ਇਲਾਜ ਇਸਦਾ
ਜੇ ਹੁੰਦੇ ਜਿਸਮ ਤੇ ਇਹ ਜ਼ਖ਼ਮ ਹੁਣ ਨੂੰ ਭਰ ਗਏ ਹੁੰਦੇ

ਬਹਾਰਾਂ ਦੇ ਹਸ਼ਰ ਦੀ ਜੇ ਚਮਨ ਨੂੰ ਕੁਝ ਖ਼ਬਰ ਹੁੰਦੀ
ਹਜ਼ਾਰਾਂ ਫੁਲ ਬਹਾਰਾਂ ਵਿੱਚ ਖਿੜਨੋ ਡਰ ਗਏ ਹੁੰਦੇ

ਵਫ਼ਾ ਉਸਨੇ ਨਿਭਾਈ ਜਾਨ ਦੇ ਕੇ ਆਪਣੀ ਆਖ਼ਿਰ
ਪਤਾ ਹੁੰਦਾ ਦਗ਼ਾ ਹੋਣਾ ਤਾਂ ਉਹ ਮੁੱਕਰ ਗਏ ਹੁੰਦੇ

ਜੇ ਕੁਝ ਦਿਨ ਹੋਰ ਮਿਲਦੀ ਦੇਵ ਸਾਨੂੰ ਜ਼ਿੰਦਗੀ ਅਪਣੀ
ਸਮੁੱਚੀ ਜ਼ਿੰਦਗੀ ਹੀ ਨਾਮ ਤੇਰੇ ਕਰ ਗਏ ਹੁੰਦੇ
•

## .ਗ਼ਜ਼ਲ

ਨਾ ਤੁਸੀਂ ਆਏ ਤੇ ਨਾ ਪੈਗ਼ਾਮ ਹੀ
ਰਹਿ ਗਈ ਇਹ ਸ਼ਾਮ ਵੀ ਬੇਨਾਮ ਹੀ

ਤੱਕਦਿਆਂ ਰਾਹਾਂ ਇਹ ਅੱਖਾਂ ਥੱਕੀਆਂ
ਤੂੰ ਨ ਮਿਲਿਆ ਨਾ ਜ਼ਰਾ ਆਰਾਮ ਹੀ

ਰਹਿ ਗਿਆ ਮੈਂ ਤਾਂ ਸਫ਼ਰ ਹੀ ਕਰਦਿਆਂ
ਲੈ ਗੁਜ਼ਰ ਚੱਲੀ ਸੁਹਾਣੀ ਸ਼ਾਮ ਹੀ

ਫੁੱਲਾਂ ਦੇ ਹਿੱਸੇ 'ਚ ਆਏ ਖਾਰ ਹੀ
ਫੁੱਲ ਵੀ ਤਾਂ ਰਹਿ ਗਏ ਨਾਕਾਮ ਹੀ

ਮੈਂ ਨ ਮੰਗੀ ਮੌਤ ਕਿਉਂ ਮੈਨੂੰ ਮਿਲੇ
ਜ਼ਿੰਦਗੀ ਹੈ ਦੂਰ ਬਸ ਇਕ ਸ਼ਾਮ ਹੀ

ਉਠ ਗਿਆ ਪਰਦਾ ਤਾਂ ਦੂਰੀ ਮਿਟ ਗਈ
ਪਿਆਰ ਦਾ ਪੀਤਾ ਮੈਂ ਇੱਕੋ ਜਾਮ ਹੀ

ਦੇਵ ਦੇ ਪੱਲੇ ਪਿਆ ਨਾ ਕੁਝ ਕਦੇ
ਜ਼ਿੰਦਗੀ ਲੰਘੀ ਹੈ ਬਸ ਗੁਮਨਾਮ ਹੀ

•



## .ਗ਼ਜ਼ਲ

ਉਹ ਅੱਖਾਂ ਦੇ ਸਾਗਰ ਦੇ ਵਿਚ ਲੁਕਿਆ ਕੋਈ ਪਾਰਾ ਹੈ
ਅੰਬਰ ਤੋਂ ਜੋ ਟੁਟਿਆ ਹੋਇਆ, ਮੇਰੀ ਅੱਖ ਦਾ ਤਾਰਾ ਹੈ

ਏਸ ਨਦੀ ਦਾ ਪਾਣੀ ਮਿੱਠਾ ਜਦ ਸਾਗਰ ਵਿਚ ਆ ਮਿਲਿਆ
ਜ਼ਾਇਕਾ ਏਸ ਨਦੀ ਦਾ ਹੁਣ ਤਾਂ ਹੰਝੂਆਂ ਤੋਂ ਵੀ ਖਾਰਾ ਹੈ

ਤੇਰੀਆਂ ਅੱਖਾਂ ਦੇ ਦਰਿਆ ਵਿਚ ਮੈਂ ਬੇੜੀ ਜੋ ਠੇਲ੍ਹੀ ਹੈ
ਹੁਣ ਡੁੱਬਦੀ ਕਿਸ਼ਤੀ ਨੂੰ ਲਹਿਰਾਂ ਦਾ ਹੀ ਸਿਰਫ਼ ਸਹਾਰਾ ਹੈ

ਹੰਝੂ ਬਣਕੇ ਵਸਣਾ ਮੈਂ ਅੱਖੀਆਂ ਦੇ ਵਿਚ ਜੀਵਨ ਭਰ
ਪਲਕਾਂ ਹੇਠ ਲੁਕਾਏ ਦੇ ਬਿਨ ਹੁਣ ਨਾ ਯਾਰ ਗੁਜ਼ਾਰਾ ਹੈ

ਨੈਣਾਂ ਦੀ ਸ਼ੱਮਾ ਵਿਚ ਹੁਣ ਪਰਵਾਨੇ ਬਣਕੇ ਜਲਣਾ ਹੈ
ਜਲਣਾ ਉਸਦੀ ਉਲਫ਼ਤ ਦੇ ਵਿੱਚ ਇਕ ਅਦਭੁੱਤ ਨਜ਼ਾਰਾ ਹੈ

ਅਪਣੀਆਂ ਪਲਕਾਂ ਹੇਠ ਛੁਪਾ ਲੈਣਾ ਮੈਂ ਉਸਨੂੰ ਹੁਣ ਯਾਰਾ
ਦੇਵ ਮਿਰੇ ਜੀਵਨ ਦਾ ਹੁਣ ਤਾਂ ਇੱਕੋ ਇੱਕ ਸਹਾਰਾ ਹੈ

•

## .ਗਜ਼ਲ

ਇਨ੍ਹਾਂ ਲਹਿਰਾਂ ਦਾ ਲੜ ਫ਼ੜਕੇ ਇਹ ਦਰਿਆ ਪਾਰ ਹੋ ਜਾਣਾ
ਤੂਫ਼ਾਨਾਂ ਨਾਲ ਮੁਮਕਨ ਹੈ ਕਦੇ ਤਕਰਾਰ ਹੋ ਜਾਣਾ

ਸੁਨਹਿਰਾ ਖ਼ਾਬ ਜਿਹੜਾ ਦੇਖਿਆ ਆਪਾਂ ਕਦੇ ਸੱਜਣਾ
ਅਸੰਭਵ ਤਾਂ ਨਹੀਂ ਉਸ ਖ਼ਾਬ ਦਾ ਸਾਕਾਰ ਹੋ ਜਾਣਾ

ਬਹੁਤ ਮਸ਼ਹੂਰ ਹੋ ਜਾਣਾ ਸੀ ਆਪਾਂ ਵੀ ਤਾਂ ਦੁਨੀਆਂ ਤੇ
ਮਗਰ ਚੰਗਾ ਨਹੀਂ ਲਗਦਾ ਹੈ ਇਕ ਅਖਬਾਰ ਹੋ ਜਾਣਾ

ਤਰੀਕੇ ਨਾਲ ਜੀਂਉਂਦੇ ਚੰਗੀ ਜ਼ਿੰਦਗੀ ਆਪਾਂ ਵੀ ਜੀ ਲੈਂਦੇ
ਪਰੰਤੂ ਠੀਕ ਨਾ, ਰਿਸ਼ਤੇ ਚ ਇਕ ਦੀਵਾਰ ਹੋ ਜਾਣਾ

ਉਹ ਬਚਪਨੇ ਦੇ ਦਿਨ, ਅਜੇ ਤਕ ਯਾਦ ਨੇ ਮੈਨੂੰ
ਜਦੋਂ ਹੋਣੀ ਖੁਸ਼ੀ, ਘਰ ਵਿਚ ਜਿਵੇਂ ਤਿਉਹਾਰ ਹੋ ਜਾਣਾ



ਅਸੀਂ ਹੋਏ ਸੀ ਜਿਸ ਦਿਨ ਇਕ, ਉਹ ਦਿਨ ਯਾਦ ਹੈ ਮੈਨੂੰ
ਇਸ਼ਾਰੇ ਵਿੱਚ ਦਿਲ ਦੇ ਹਾਲ ਦਾ ਇਜ਼ਹਾਰ ਹੋ ਜਾਣ

ਕਿਤੇ ਜਦ ਜ਼ੁਲਮ ਵਧ ਜਾਂਦੈ, ਤਾਂ ਇਹ ਮੁਮਕਨ ਹੈ ਫਿਰ ਕਵੀਉ
ਜਰੂਰੀ ਹੈ ਕਲਮ ਅਪਣੀ ਦਾ ਫਿਰ ਤਲਵਾਰ ਹੋ ਜਾਣਾ

ਹਵਾਵਾਂ ਉਲਟ ਤੇ ਕਿਸ਼ਤੀ ਭੰਵਰ ਵਿਚ ਜਦ ਫਸੀ ਹੋਵੇ
ਮੇਰੇ ਮਾਂਝੀ ਤੂੰ ਫਿਰ ਤੋਂ ਆਪ ਹੀ ਪਤਵਾਰ ਹੋ ਜਾਣਾ

ਨਹੀਂ ਕੋਈ ਪਤਾ ਕਦ ਦੇਵ ਆ ਜਾਵੇ ਬੁਲਾਵਾ ਹੁਣ
ਸਫ਼ਰ ਦੇ ਵਾਸਤੇ ਵੀ ਹੁਣ ਜਰਾ ਤੱਯਾਰ ਹੋ ਜਾਣਾ

•

## .ਗ਼ਜ਼ਲ

ਆਪਣਾ ਦਿਲ ਲਹੂ ਲਹੂ ਕਰਕੇ
ਖੱਟਿਆ ਕੀ ਮੈਂ ਜੁਸਤਜੂ ਕਰਕੇ

ਮੰਜ਼ਿਲਾਂ ਮੁੰਤਜ਼ਰ ਨੇ ਰਾਹਾਂ ਵਿਚ
ਤੂੰ ਕਦੀ ਦੇਖ ਆਰਜੂ ਕਰ ਕੇ

ਜੇ ਦਿਲਾਂ ਵਿਚ ਦਰਾਰ ਆ ਜਾਵੇ
ਪਿਆਰ ਨਾ' ਸੀਂ ਲਓ ਰਫ਼ੂ ਕਰ ਕੇ

ਖ਼ੁਦ ਨਾ' ਕਰਦੇ ਨੇ ਗੁਫ਼ਤਗੂ ਅਕਸਰ
ਖ਼ੁਦ ਉਹ ਸ਼ੀਸ਼ੇ ਨੂੰ ਰੂਬਰੂ ਕਰਕੇ

ਹਰਿਕ ਮੁਸ਼ਕਲ ਦਾ ਹੱਲ ਮਿਲ ਜਾਣੈਂ
ਆਪਸੀ ਦੇਵ ਗੁਫ਼ਤਗੂ ਕਰ ਕੇ

•



## .ਗ਼ਜ਼ਲ

ਜੇ ਭੁਲਾ ਸਕਦਾ ਨਹੀਂ ਤਾਂ ਨਾ ਭੁਲਾ ਐ ਦੋਸਤਾ
ਰਾਤ ਦਿਨ ਐਵੇਂ ਨਾ ਖ਼ੁਦ ਨੂੰ ਹੀ ਸਤਾ ਐ ਦਸੋਤਾ

ਬੱਦਲਾਂ ਚੋਂ ਘੂਰ ਨਾ ਤੂੰ ਤਿਰਛੀਆਂ ਨਜ਼ਰਾਂ ਦੇ ਨਾਲ਼
ਚੰਦ ਬਣ ਕੇ ਹੋਰ ਨਾ ਅੱਖਾਂ ਦਿਖਾ ਐ ਦੋਸਤਾ

ਮੈਂ ਤੇਰੀ ਬੇੜੀ ਚ ਚੜ੍ਹਿਆ ਹਾਂ ਤੇਰੇ ਹੀ ਆਸਰੇ
ਕਿਉਂ ਡੁਬਾਉਨੈ ਵਿਚ ਵਿਚਾਲ਼ੇ, ਪਾਰ ਲਾ ਐ ਦੋਸਤਾ

ਮੈਂ ਪਿਆਸਾ ਥਲ ਹਾਂ ਓਹੀ ਜੋ ਉਡੀਕੇ ਅਜ਼ਲ ਤੋਂ
ਤੂੰ ਨਦੀ ਬਣ ਕੇ ਮੇਰੇ 'ਚੋਂ ਗੁਜ਼ਰ ਜਾ ਐ ਦੋਸਤਾ

ਬਣ ਕੇ ਬੱਦਲ ਵਰ੍ਹ ਹੀ ਜਾ ਹੁਣ ਦੇਵ ਤੂੰ ਇਸ ਧਰਤ ਤੇ
ਇਸ ਵਿਚਾਰੀ ਦੀ ਤਪਸ਼ ਆ ਕੇ ਮਿਟਾ ਐ ਦੋਸਤਾ

ਲੱਭਣਾ ਖ਼ੁਦ ਨੂੰ ਹੈ ਜੇ ਤਾਂ ਲੱਭ ਲਵੀਂ ਮੈਨੂੰ ਹੀ ਤੂੰ
ਹੋਰ ਹੁਣ ਮੇਰੇ ਚ ਕੀ ਤੇਰੇ ਸਿਵਾ ਐ ਦੋਸਤਾ

•

## ਗਜਲ

ਕਾਢਿਆਂ ਦੇ ਭੌਣ ਪੱਥਰ ਹੇਠ ਜਿਉਂ ਪਲ਼ਦੇ ਰਹੇ
ਲੋਕ ਕੰਮੀ ਢੱਗਿਆਂ ਵਾਂਗਰ ਸਦਾ ਲੱਗੇ ਰਹੇ

ਗਲ਼ ’ਚੋਂ ਲਹਿ ਕੇ ਡਿਗ ਪਵੇ ਜਿਉਂ ਬੁੱਤ ਦੇ ਪੈਰਾਂ ’ਚ ਫ਼ੁਲ
ਰਲ਼ ਕੇ ਮਿੱਟੀ ਵਿਚ ਅਸੀਂ ਵੀ ਖ਼ੁਸ਼ਬੂਆਂ ਦਿੰਦੇ ਰਹੇ

ਗੁੱਡੀਆਂ ਉਹਨਾਂ ਦੀਆਂ ਵੀ ਕੱਟ ਹੋਈਆਂ ਅਰਸ਼ ’ਚੋਂ
ਕੱਚ ਦੇ ਮਾਂਜੇ ਜੋ ਧਾਗੇ ਨੂੰ ਸਦਾ ਲਾਉਂਦੇ ਰਹੇ

ਮਾਪਿਆਂ ਦਾ ਹਾਲ ਵੇਖਾਂ ਤਾਂ ਰਹਾਂ ਇਹ ਸੋਚਦਾ
ਬੁਝ ਰਹੇ ਨੇ ਦੀਪ ਉਹ ਜਿਹੜੇ ਕਦੇ ਜਗਦੇ ਰਹੇ

ਮਖ਼ਮਲੀ ਰਾਹਾਂ ਤੇ ਮੰਨਦੇ ਪੈਰ ਵੀ ਕੁਝ ਓਪਰਾ
ਪਿੰਡ ਦੀ ਟੁੱਟੀ ਸੜਕ ਤੇ ਸੀ ਜੋ ਸਦਾ ਤੁਰਦੇ ਰਹੇ

ਕੱਢੀਆਂ ਗਾਵਾਂ ਘਰਾਂ ’ਚੋਂ ਕਿਧਰ ਜਾਵਣ ਦੇਵ ਹੁਣ
ਰਾਮਚੌਂਣੇ ਦੇ ਤਾਂ ਮਜਮੇ ਸੜਕ ਤੇ ਲੱਗੇ ਰਹੇ

ਦੇਖਿਆ ਜਦ ਗ਼ੈਰ ਦੀ ਬੁੱਕਲ਼ ’ਚ ਉਸ ਨੂੰ ਦੇਵ ਨੇ
ਦਰਦ ਦੇ ਛਾਲੇ ਸਦਾ ਭਰਦੇ ਅਤੇ ਫਿਸਦੇ ਰਹੇ
•



## ਗ਼ਜ਼ਲ

ਉਹ ਨਹੀਂ ਮੇਰਾ, ਮਗਰ ਉਸ ਨਾ’ ਮੁਹੱਬਤ ਹੈ, ਤਾਂ ਕੀ ਹੋਇਆ
ਮੈਨੂੰ ਜੇ ਰਸਮਾਂ, ਰਿਵਾਜ਼ਾਂ ਨਾ’, ਬਗ਼ਾਵਤ ਹੈ, ਤਾਂ ਕੀ ਹੋਇਆ

ਸੱਚ ਨੂੰ ਹੁਣ ਸੱਚ ਆਖਣ ਦੀ ਮੇਰੀ ਆਦਤ ਨਹੀਂ ਜਾਣੀ
ਜੇ ਜ਼ਮਾਨੇ ਦੀ ਨਜ਼ਰ ਵਿਚ, ਇਹ ਹਿਮਾਕਤ ਹੈ, ਤਾਂ ਕੀ ਹੋਇਆ

ਦੋਸਤੋ ਇਸ ਮਾਜਰੇ ਦਾ ਹੁਣ ਸ਼ਮਾ ਸਿਰ ਦੋਸ਼ ਨਾ ਕੋਈ
ਉਸ ਪਤੰਗੇ ਨੂੰ ਮਿਲ਼ੀ ਜਲ ਕੇ ਹੀ ਰਾਹਤ ਹੈ ਤਾਂ ਕੀ ਹੋਇਆ

ਉਸ ਨੂੰ ਹਾਸਲ ਕਰਨ ਦੀ ਕੋਈ ਨਹੀਂ ਦਿਲ ਵਿਚ ਤਮੰਨਾ
ਪਰ ਉਹ ਨਾ ਹੋਵੇ ਗ਼ੈਰ ਦਾ ਏਨੀ ਕੁ ਹਸਰਤ ਹੈ ਤਾਂ ਕੀ ਹੋਇਆ

ਮੈਂ ਤਾਂ ਉਸ ਨੂੰ ਪਿਆਰ ਕਰਦਾ ਹਾਂ ਅਤੇ ਕਰਦਾ ਵੀ ਰਹਿਣਾ ਹੈ
ਜੇ ਮੇਰੇ ਲਈ ਓਸ ਦੇ ਨੈਣਾਂ ਚ ਨਫ਼ਰਤ ਹੈ ਤਾਂ ਕੀ ਹੋਇਆ
•

## ਗ਼ਜ਼ਲ

ਕਿਸੇ ਦੇ ਦਿਲ ਨੂੰ ਜਿੱਤਣ ਦਾ ਹੁਨਰ ਹੌਲ਼ੀ ਹੌਲ਼ੀ
ਕਦੇ ਮੈਨੂੰ ਵੀ ਆਵੇਗਾ ਮਗਰ ਹੌਲ਼ੀ ਹੌਲ਼ੀ

ਦਵਾਈ ਦਾ ਤਾਂ ਹੋ ਜਾਂਦਾ ਬਹੁਤ ਛੇਤੀ ਭਾਵੇਂ
ਦੁਆਵਾਂ ਦਾ ਮਗਰ ਹੁੰਦਾ ਅਸਰ ਹੌਲ਼ੀ ਹੌਲ਼ੀ

ਖ਼ਿਜ਼ਾਂ ਆਈ ਹੈ ਡਿਗਣੇ ਓਸ ਦੇ ਝੜ ਝੜ ਕੇ ਸਭ ਪੱਤਰ
ਕਿ ਰਹਿੰਦਾ ਸਿਸਕਦਾ ਅਕਸਰ ਸ਼ਜਰ ਹੌਲ਼ੀ ਹੌਲ਼ੀ

ਜੇ ਸਹੁਰੇ ਜਾਣ ਪਿੱਛੋਂ ਖ਼ੁਸ਼ ਰਹੇ ਲੜਕੀ ਤਾਂ ਫਿਰ
ਭੁਲਾ ਦਿੰਦੀ ਹੈ ਅਪਣੀ ਮਾਂ ਦਾ ਘਰ ਹੌਲ਼ੀ ਹੌਲ਼ੀ

ਤੂੰ ਮੇਰੇ ਨਾਲ ਤੁਰ ਕੇ ਦੇਖ ਇਕ ਵਾਰੀ ਤਾਂ ਦੇਵ
ਕਿ ਦੋਵੇਂ ਕੱਟ ਲਵਾਂਗੇ ਇਹ ਸਫ਼ਰ ਹੌਲ਼ੀ ਹੌਲ਼ੀ

ਇਹ ਸਹਿਜੇ ਸਹਿਜ ਸਿੱਧੀ ਦਿਲ ਚ ਉਤਰੇਗੀ ਤੇਰੇ
ਗ਼ਜ਼ਲ ਦੀ ਦੇਖ ਪੜ੍ਹ ਕੇ ਹਰ ਸਤਰ ਹੌਲ਼ੀ ਹੌਲ਼ੀ

•



## ਗ਼ਜ਼ਲ

ਜ਼ਿੰਦਗੀ ਦੇ ਨਾਲ ਨਾ ਏਨੀ ਮੁਹੱਬਤ ਦੇਵ ਚੰਗੀ
ਡਰ ਕੇ ਜਿਉਂਦੇ ਰਹਿਣ ਨਾਲੋਂ ਤਾਂ ਕਿਆਮਤ ਦੇਵ ਚੰਗੀ

ਉਹ ਭਲਾ ਕੀ ਪਿਆਰ ਹੈ ਜੋ ਦਰਦ ਦਿੰਦਾ ਹੈ ਦਿਲਾਂ ਨੂੰ
ਛੱਡ ਪਰਾਂ ਇਹ ਪਿਆਰ, ਤਨਹਾਈ ਦੀ ਸੁਹਬਤ ਦੇਵ ਚੰਗੀ

ਨਿਕਲਦਾ ਹੈ ਚੰਨ ਕਿੱਥੇ, ਹਰ ਕਿਸੇ ਦੇ ਅੰਬਰਾਂ ਵਿਚ
ਹਰ ਕਿਸੇ ਦੀ ਹੋ ਨਹੀਂ ਸਕਦੀ ਹੈ ਕਿਸਮਤ ਦੇਵ ਚੰਗੀ

ਸਭ ਦਾ ਹੈ ਬਣ ਕੇ ਦਿਖਾਉਂਦਾ, ਪਰ ਕਿਸੇ ਦਾ ਵੀ ਨਾ ਬਣਦਾ
ਉਸ ਨੂੰ ਆਖੋ ਇੰਝ ਨਾ ਹੁੰਦੀ ਸਿਆਸਤ ਦੇਵ ਚੰਗੀ

ਰੱਜ ਕੇ ਵੀ ਦੂਜਿਆਂ ਦੇ ਭਾਂਢਿਆਂ ਵੱਲ ਝਾਕਦੈਂ ਤੂੰ
ਰੱਖਣੀ ਕੁਛ ਇਸ ਤਰਾਂ ਦੀ ਵੀ ਨਾ ਨੀਯਤ ਦੇਵ ਚੰਗੀ

ਕਿਉਂ ਜ਼ਮਾਨਾ ਸਮਝਦਾ ਹਾਲੇ ਵੀ ਏਨੀ ਗੱਲ ਨਹੀਂਓਂ
ਪਿਆਰ ਤੋਂ ਵਧ ਕੇ ਨਾ ਹੁੰਦੀ ਹੋਰ ਦੌਲਤ ਦੇਵ ਚੰਗੀ

ਜਿਹੜੀ ਦੌਲਤ ਮਿਲਣ ਮਗਰੋਂ ਭੁੱਲ ਜਾਂਦੇ ਆਪਣੇ ਹੀ
ਉਸ ਦੇ ਨਾਲੋਂ ਸੌ ਗੁਣਾ ਹੁੰਦੀ ਹੈ ਗੁਰਬਤ ਦੇਵ ਚੰਗੀ

•

## ਗ਼ਜ਼ਲ

ਕਿਤਾਬਾਂ ਵਿਚ ਜੋ ਲਿਖਿਆ ਪੜ੍ਹ ਲਿਆ ਪਰ ਕੁਝ ਨਹੀਂ ਹਾਸਿਲ
ਮੈਂ ਉਹ ਵਿਦਵਾਨ ਹਾਂ ਜੋ ਅੰਦਰੋਂ ਹਾਲੇ ਵੀ ਹੈ ਗਾਫ਼ਿਲ

ਖ਼ੁਦਾ ਦੀ ਏਸ ਕੁਦਰਤ ਦੇ ਜੋ ਡੂੰਘੇ ਭੇਦ ਸਮਝਾਏ
ਅਜੇ ਤੀਕਰ ਤਾਂ ਰਹਿਬਰ ਮਿਲ ਨਹੀਂ ਸਕਿਆ ਕੋਈ ਕਾਮਿਲ

ਕਿਸੇ ਤੋਂ ਪੜ੍ਹ ਨਹੀਂ ਹੁੰਦੇ ਇਹ ਮੇਰੇ ਭੇਦ ਮੱਥੇ ਦੇ
ਉਹ ਸਾਰੇ ਹਾਰ ਬੈਠੇ ਜੋ ਸੀ ਖ਼ੁਦ ਨੂੰ ਆਖ਼ਦੇ ਫ਼ਾਜ਼ਿਲ

ਜੋ ਮੇਰੇ ਸੁਪਨਿਆਂ ਵਿਚ ਸੁਖਨਵਰ ਇਕ ਰੋਜ਼ ਆਉਂਦਾ ਸੀ
ਪਤਾ ਨਹੀਂ ਕਦ ਉਹ ਮੇਰੀ ਜ਼ਿੰਦਗੀ ਵਿਚ ਹੋ ਗਿਆ ਸ਼ਾਮਿਲ

ਤੁਰੀ ਹੈ ਲਹਿਰ ਹੁਣ ਉਠ ਕੇ ਜਿਹੜੀ ਸਾਗਰ ਦੇ ਵਿਚਕਾਰੋਂ
ਖਰੇ ਭੋਲੀ ਦੀ ਕਿਸਮਤ ਵਿਚ ਨਾ ਹੋਣਾ ਚੁੰਮਣਾ ਸਾਹਿਲ

ਹਮੇਸ਼ਾ ਸੋਚਦਾ ਰਹਿਨਾਂ ਕਦੇ ਮੈਨੂੰ ਵੀ ਹੋਊ ਪਿਆਰ
ਤੇ ਫਿਰ ਲਗਦੈ ਕਿ ਸ਼ਾਇਦ ਮੈਂ ਨਾ ਹਾਂ ਪਿਆਰ ਦੇ ਕਾਬਿਲ

•



## ਗ਼ਜ਼ਲ

ਖੱਟਿਆ ਕੀ ਮੈਂ ਜੁਸਤਜੂ ਕਰਕੇ
ਆਪਣਾ ਦਿਲ ਲਹੂ ਲਹੂ ਕਰਕੇ

ਮੰਜ਼ਿਲਾਂ ਮੁੰਤਜ਼ਰ ਨੇ ਰਾਹਾਂ ਵਿਚ
ਆਉ ਦੇਖੋ ਤਾਂ ਆਰਜੂ ਕਰ ਕੇ

ਹਰਿਕ ਮੁਸ਼ਕਲ ਦਾ ਹੱਲ ਮਿਲ ਜਾਣੈਂ
ਇੰਝ ਆਪਸ 'ਚ ਗੁਫ਼ਤਗੂ ਕਰ ਕੇ

ਜੇ ਦਿਲਾਂ ਵਿਚ ਦਰਾਰ ਆ ਜਾਵੇ
ਪਿਆਰ ਨਾ ਦੇਖ ਲਓ ਰਫ਼ੂ ਕਰ ਕੇ

ਖ਼ੁਦ ਨਾ' ਕਰਦੇ ਨੇ ਗੁਫ਼ਤਗੂ ਅਕਸਰ
ਖ਼ੁਦ ਨੂੰ ਸ਼ੀਸ਼ੇ ਦੇ ਰੂ-ਬ-ਰੂ ਕਰ ਕੇ

ਖ਼ੂਬ ਜਿਉਣੇਂ ਦੇ ਜ਼ਿੰਦਗੀ ਕਾਬਿਲ
ਦੇਵ ਵੇਖੀਂ ਤੂੰ ਸੁਰਖ਼ਰੂ ਕਰ ਕੇ

•

## ਗ਼ਜ਼ਲ

ਦਿਲ 'ਚ ਕੋਈ ਆਰਜ਼ੂ ਤਾਂ ਕਰ
ਅਰਸ਼ ਦੀ ਤੂੰ ਜੁਸਤਜੂ ਤਾਂ ਕਰ

ਮੰਜ਼ਿਲਾਂ ਨੇ ਆਪ ਸਰ ਹੋਣਾ
ਪੈਰ ਪੁਟਣਾ ਸ਼ੁਰੂ ਤਾਂ ਕਰ

ਸੱਚ ਸ਼ੀਸ਼ਾ ਬੋਲਦਾ ਤਾਂ ਹੈ
ਆਪ ਨੂੰ ਤੂੰ ਰੂਬਰੂ ਤਾਂ ਕਰ

ਜ਼ਖ਼ਮ ਦਿਲ ਦੇ ਵੀ ਸਿਲ ਜਾਣੇ
ਬੈਠ ਕੇ ਤੂੰ ਰਫ਼ੂ ਤਾਂ ਕਰ

ਜੀਣ ਦਾ ਅਪਣਾ ਮਜ਼ਾ ਵੀ ਹੈ
ਆਪ ਤੋਂ ਤੂੰ ਸੁਰਖ਼ਰੂ ਤਾਂ ਕਰ

ਦੂਰ ਹੋ ਜਾਣੇ ਗਿਲੇ ਸ਼ਿਕਵੇ
ਦੇਵ ਆ ਕੇ ਗੁਫ਼ਤਗੂ ਤਾਂ ਕਰ

•



## ਗ਼ਜ਼ਲ

ਜ਼ਿੰਦਗੀ ਤਾਂ ਇਕ ਅਜ਼ੀਅਤ ਹੈ
ਬਸ ਮੁਸੀਬਤ ਦਰ ਮੁਸੀਬਤ ਹੈ

ਲੋਗ ਹਸ ਹਸ ਮਿਲਣ ਅਕਸਰ ਹੀ
ਪਰ ਦਿਲਾਂ ਵਿਚ ਤਾਂ ਅਦਾਵਤ ਹੈ

ਰੰਜਸ਼ਾਂ ਤੇ ਨਫ਼ਰਤਾਂ ਏਥੇ
ਕਿਉਂ ਜ਼ਮਾਨੇ ਦੀ ਇਹ ਹਾਲਤ ਹੈ

ਹੁਣ ਤਾਂ ਰਿਸ਼ਤੇ ਵੀ ਨੇ ਮਤਲਬ ਦੇ
ਗ਼ਰਜ ਹੈ ਜਾਂ ਜ਼ਰੂਰਤ ਹੈ

ਹੋ ਗਏ ਨੇ ਜਿਸ ਤਰ੍ਹਾਂ ਪੱਥਰ ਦਿਲ
ਹੁਣ ਨ ਕਿਧਰੇ ਰਹੀ ਮੁਹੱਬਤ ਹੈ

ਕਿਉਂ ਸਮਝਦਾ ਨਾ ਭਲਾ ਕੋਈ
ਮੋਹ, ਮੁਹੱਬਤ ਵੀ ਤਾਂ ਦੌਲਤ ਹੈ

ਦੇਵ ਮਿੱਟੀ ਵਿਚ ਮਿਲੇ ਮਿੱਟੀ
ਜ਼ਿੰਦਗੀ ਦੀ ਏਹੀ ਹਕੀਕਤ ਹੈ

•

**ਸ਼ਬਦ ਅਰਥ** =
*ਅਜ਼ੀਅਤ = ਦੁੱਖ*

## ਗ਼ਜ਼ਲ

ਹਰ ਬੰਦਾ ਉਸਦੇ ਮਿਲਣੇ ਦੀ, ਜੀਵਨ ਭਰ ਆਸ਼ਾ ਰੱਖੇ
ਮਰਜ਼ੀ ਉਸਦੀ ਉਹ ਤ੍ਰਿਪਤ ਕਰੇ ਜਾਂ ਉਹ ਪਿਆਸਾ ਰੱਖੇ

ਤਿੱਤਰ ਖੰਭੀ ਬਦਲੀ ਕਿਣ ਮਿਣ ਕਿਣ ਮਿਣ ਵਰ੍ਹਦੀ ਜਾਵੇ
ਆ ਮੈਨੂੰ ਤੂੰ ਜਲ ਥਲ ਕਰਦੇ, ਕਿਉਂ ਤਿਰਹਾਇਆ ਰੱਖੇ

ਮੇਰੀ ਬੰਜਰ ਰੂਹ ਦੇ ਉੱਤੇ, ਕੰਡੇ ਥੋਹਰਾਂ ਉੱਗੇ
ਭੌਰੀਆਂ ਬਣ ਰਿਸਣਾ ਹਿਜਰਾਂ, ਜੇ ਨਾ ਫ਼ੰਬੇ ਰੱਖੇ

ਅਜ਼ਲਾਂ ਤੋਂ ਲੱਖਾਂ ਹੀ ਮਿਠੇ ਦਰਿਆ ਸਾਗਰ ਡੀਕ ਗਿਆ
ਫ਼ਿਰ ਦੱਸੋ ਬੌਰਾ ਕਿਉਂ ਅਪਣਾ ਪਾਣੀ ਖਾਰਾ ਰੱਖੇ

ਜੀਵਨ ਭਰ ਹੀ ਕੌਣ ਨਿਭਾਉਂਦਾ ਏਦਾਂ ਰਿਸ਼ਤੇ ਸਾਰੇ
ਦੁਸ਼ਮਣ ਮੇਰੀ ਜਾਨ ਦਿਆ ਜਾਅ ਰਾਜ਼ੀ ਮੌਲਾ ਰੱਖੇ



ਮੈਨੂੰ ਚੰਗਾ ਨਾ ਲਗਦਾ ਹਮਨਾਮ ਤਿਰਾ ਜੋ ਹੋਵੇ
ਤੇਰੇ ਵਰਗਾ ਹੋਵੇ ਤਾਂਹੀ ਨਾਂ ਫਿਰ ਤੇਰਾ ਰੱਖੇ

ਦਿਲ ਦੀਵਾਨਾ ਤੇਰਾ, ਤੈਥੋਂ ਹਰ ਪਲ ਹੀ ਕੁਝ ਮੰਗੇ
ਨਾ ਇਹ ਬਣਦਾ ਸਾਡਾ ਨਾ ਇਹ ਉਸਨੂੰ ਡਰਦਾ ਰੱਖੇ

ਮੇਰੇ 'ਕੱਲੇਪਨ ਉੱਤੇ, ਨਾ ਹਸ ਐਨਾ ਓ ਯਾਰਾ
ਜਾਅ ਤੈਨੂੰ ਵੀ ਅੱਲਾ ਮੇਰੇ ਵਾਂਗੂੰ ਤਨਹਾ ਰੱਖੇ

ਅਜ਼ਲੋਂ ਤਨਹਾਈ ਵਿਚ ਮੇਰਾ ਤਾਂ ਜੀਵਨ ਬੀਤ ਗਿਆ
ਦੇਵ ਰਹੂ ਰਾਜ਼ੀ ਜਿਸ ਹਾਲ 'ਚ ਹੁਣ ਮੌਲਾ ਰੱਖੇ

•

## ਗ਼ਜ਼ਲ

ਛੱਡ ਨੈਣਾਂ ਨੂੰ ਕੁਈ ਸ਼ਸਤਰ ਬਦਲ ਕੇ ਦੇਖ ਲੈ
ਪਿਆਰ ਦਾ ਕੋਈ ਹੋਰ ਵੀ ਮੰਤਰ ਬਦਲ ਕੇ ਦੇਖ ਲੈ

ਤਲਖੀਆਂ ਨਾ ਪਹਿਨਿਆ ਕਰ ਆਪਣੇ ਚਿਹਰੇ ਤੇ ਤੂੰ
ਹਾਸਿਆਂ ਦਾ ਕੀਮਤੀ ਜੇਵਰ ਬਦਲ ਕੇ ਦੇਖ ਲੈ

ਬਦਲਨੀ ਕਿਸਮਤ ਅਗਰ ਪੰਜਾਬੀਆ ਤੂੰ ਏਸ ਦੀ
ਆਪਣੇ ਪੰਜਾਬ ਦਾ ਲੀਡਰ ਬਦਲ ਕੇ ਦੇਖ ਲੈ
ਖ਼ਾਲੀ ਝੋਲੀ ਲੈ ਕੇ ਹੀ ਤੂੰ ਪਰਤਦਾ ਹੈਂ ਵਾਰ ਵਾਰ
ਮੰਗਦੈਂ ਜਿਹੜੇ ਦਰੋਂ ਉਹ ਦਰ ਬਦਲ ਕੇ ਦੇਖ ਲੈ

ਜੇ ਤੇਰੇ ਪੈਰਾਂ ਦੀ ਰਲ਼ਦੀ ਤਾਲ ਹੀ ਨਾ ਏਸ ਨਾਲ
ਗਾਫ਼ਿਲਾ ਪੈਰਾਂ ਦੀ ਇਹ ਝਾਂਜਰ ਬਦਲ ਕੇ ਦੇਖ ਲੈ

ਇੱਕ ਦੇ ਕੋਲ਼ੋਂ ਹੋਰ ਕਿੰਨੀ ਵਾਰ ਧੋਖਾ ਖਾਵਣਾ
ਦੇਵ ਹੁਣ ਤਾਂ ਆਪਣਾ ਮਿੱਤਰ ਬਦਲ ਕੇ ਦੇਖ ਲੈ
•



## ਗ਼ਜ਼ਲ

ਯਾਰ ਏਨਾ ਵੀ ਮੁਹੱਬਤ ਵਿਚ ਰੁਆਉਂਦਾ ਕਿਉਂ ਰਹੇਂ
ਮੰਨ ਲੈ ਇੱਕ ਗੱਲ ਮੇਰੀ ਦਿਲ ਜਲਾਉਂਦਾ ਕਿਉਂ ਰਹੇਂ

ਆਪ ਜਦ ਆਉਣਾ ਨਹੀਂ ਹੁੰਦਾ ਤੂੰ ਮੈਨੂੰ ਮਿਲਣ ਹੀ
ਫੇਰ ਮੁੜ ਮੁੜ ਕੇ ਕਿਤੇ ਮੈਨੂੰ ਬੁਲਾਉਂਦਾ ਕਿਉਂ ਰਹੇਂ

ਦਿਲ ਨੂੰ ਵੀ ਹੈ ਬੇਕਰਾਰੀ, ਨਾਲ ਹੀ ਡਰਦਾ ਰਹੇਂ
ਰੋਲ਼ ਦੋਹਰਾ ਜ਼ਿੰਦਗੀ ਅੰਦਰ ਨਿਭਾਉਂਦਾ ਕਿਉਂ ਰਹੇ

ਕੁਛ ਨਾ ਮੂੰਹੋਂ ਬੋਲਦਾ, ਚੁਪ ਚਾਪ ਰਹਿਨੈ ਭੁਸਕਦਾ
ਹਰ ਸਮੇਂ ਹੀ ਖਾਹਮਖਾਹ ਮੈਨੂੰ ਸਤਾਉਂਦਾ ਕਿਉਂ ਰਹੇਂ

ਦੇਵ ਡੁੱਬ ਚੁੱਕਾ ਸਫ਼ੀਨਾ ਕਦ ਤੋਂ ਤੇਰੇ ਪਿਆਰ ਦਾ
ਹੁਣ ਸ਼ਰਾਬਾਂ ਵਿਚ ਭਲਾ ਖ਼ੁਦ ਨੂੰ ਡੁਬਾਉਂਦਾ ਕਿਉਂ ਰਹੇਂ
•

## ਗ਼ਜ਼ਲ

ਕੁਸ਼ਾਸਨ ਕਰ ਗਿਆ ਨੁਕਸਾਨ ਹੋਣਾ ਹੋਰ ਕੀ ਹੋਣਾ
ਜਿਨ੍ਹੇ ਫਾਹਾ ਲਿਆ ਕਿਰਸਾਨ ਹੋਣਾ, ਹੋਰ ਕੀ ਹੋਣਾ

ਉਹ ਫਸਿਆ ਕਰਜ਼ਿਆਂ ਵਿੱਚ ਲੱਭਦਾ ਸਲਫਾਸ ਰਹਿੰਦਾ ਸੀ
ਗਵਾ ਕੇ ਤੁਰ ਗਿਆ ਉਹ ਜਾਨ ਹੋਣਾ, ਹੋਰ ਕੀ ਹੋਣਾ

ਮੈਂ ਮੰਦਰ ਵਿੱਚ ਜਾ ਕੇ ਮਾਰਦਾ 'ਵਾਜਾਂ ਰਿਹਾ ਕਿੰਨੀਆਂ
ਨਹੀਂ ਜੋ ਬੋਲਦਾ, ਭਗਵਾਨ ਹੋਣਾ, ਹੋਰ ਕੀ ਹੋਣਾ

ਉਨ੍ਹੇ ਜਦ ਆਪਣਾ ਮਹਿਬੂਬ ਗ਼ੈਰਾਂ ਨਾਲ ਤੱਕਿਆ ਸੀ
ਉਦ੍ਹਾ ਫਿਰ ਟੁੱਟਿਆ, ਅਰਮਾਨ ਹੋਣਾ, ਹੋਰ ਕੀ ਹੋਣਾ

ਗਲ਼ੇ ਵਿੱਚ ਪਾ ਕੇ ਤਮਗਾ ਹੁਣ ਨਹੀਂ ਨਜ਼ਰਾਂ ਮਿਲਾਉਂਦਾ ਜੋ
ਉਨ੍ਹੇ ਬਸ ਮੁੱਲ ਲਿਆ ਸਨਮਾਨ ਹੋਣਾ, ਹੋਰ ਕੀ ਹੋਣਾ

ਖੜ੍ਹਾ ਮੰਦਰ 'ਚ ਪੰਡਤ ਵੀ ਜਿਦ੍ਹੇ ਗੁਣਗਾਨ ਕਰਦਾ ਸੀ
ਉਹ ਬੰਦਾ ਓਸ ਦਾ, ਜਜਮਾਨ ਹੋਣਾ, ਹੋਰ ਕੀ ਹੋਣਾ

ਉਦ੍ਹੇ ਪਿੰਡੋਂ ਉਦਾਸੀ ਅੱਗ ਦਾ ਧੂੰਆਂ ਨਜ਼ਰ ਆਵੇ
ਕਿ ਬਲ਼ਦਾ ਦੇਵ, ਵਿੱਚ ਸ਼ਮਸ਼ਾਨ ਹੋਣਾ, ਹੋਰ ਕੀ ਹੋਣਾ
•



## ਗ਼ਜ਼ਲ

ਅਜ਼ਲ ਤੋਂ ਹੀ ਚਲ ਰਿਹਾ ਜਜ਼ਬਾਤ ਦਾ ਸੰਗਰਾਮ ਹੈ
ਏਸਦਾ ਆਗ਼ਾਜ਼ ਤੂੰ ਹੀ, ਏਸਦਾ ਅੰਜਾਮ ਹੈ

ਮੈਂ ਮੁਹੱਬਤ ਦੀ ਡਗਰ ਦਾ ਹਾਂ ਸ਼ੁਦਾਈ ਹੋ ਗਿਆ
ਵਾਂਗ ਪਰਵਾਨੇ ਦੇ ਸੜਨਾ ਹੀ ਮਿਰਾ ਆਰਾਮ ਹੈ

ਲਾ ਰਿਹਾ ਇਲਜ਼ਾਮ ਤੇਰੇ ਸ਼ਹਿਰ ਦਾ ਹਰ ਆਦਮੀ
ਯਾਰ ਤੇਰਾ ਹੋ ਗਿਆ ਬਸ ਮੁਫ਼ਤ ਵਿਚ ਬਦਨਾਮ ਹੈ

ਮੈਂ ਤਾਂ ਗੌਤਮ ਵਾਂਗ ਤੈਨੂੰ ਛੱਡਕੇ ਨਾ ਜਾ ਸਕਾਂ
ਏਸ ਦੀਵਾਨੇ ਦੇ ਦਿਲ ਵਿਚ ਚਲ ਰਿਹਾ ਕੁਹਰਾਮ ਹੈ

ਵਕਤ ਨੇ ਹੈ ਬਦਲ ਦਿੱਤਾ ਦੋਸਤਾ ਚਿਹਰਾ ਤਿਰਾ
ਮੈਂ ਉਡੀਕਾਂਗਾ ਹਸ਼ਰ ਤਕ ਦੇਵ ਮੇਰਾ ਨਾਮ ਹੈ
•

## ਗ਼ਜ਼ਲ

ਬੀਤੇਗੀ ਦੇਵ ਉਮਰ ਉਹ ਦੇ ਇੰਤਜ਼ਾਰ ਵਿਚ
ਆਈ ਨਹੀਂ ਬਹਾਰ ਅਜੇ ਇਸ ਦਯਾਰ ਵਿਚ

ਮੁਰਝਾ ਰਹੇ ਨੇ ਫੁੱਲ, ਬਿਨਾ ਬਾਗ਼ਬਾਨ ਦੇ
ਖਿੜ ਪੈਣਗੇ ਦੁਬਾਰਾ ਇਹ ਆਉਂਦੀ ਬਹਾਰ ਵਿਚ

ਹੈ ਸ਼ਰਮ ਸਾਰ ਫੁੱਲ ਤੇ ਭਵਰਾ ਉਦਾਸ ਹੈ
ਕਿ ਆ ਗਿਆ ਚਮਨ ਵੀ ਖਿਜ਼ਾਵਾਂ ਦੀ ਮਾਰ ਵਿਚ

ਅਪਣੀ ਜ਼ਬਾਨ ਭੁੱਲ ਕੇ ਕਾਂ-ਕਾਂ ਹੈ ਕਰ ਰਿਹਾ
ਉਡਦਾ ਰਿਹਾ ਸੀ ਬਗਲਾ ਕਾਵਾਂ ਦੀ ਡਾਰ ਵਿਚ

ਮਜਲਸ ਸੁਖ਼ਨਵਰਾਂ ਦੀ ਹੈ ਲਗਦੀ ਸਰੀ ਦੇ ਵਿਚ
ਉਸਤਾਦ ਇੱਕ ਬੈਠਦਾ ਹੈ ਹਰ ਕਤਾਰ ਵਿਚ

•



## ਗ਼ਜ਼ਲ

ਤੁਰਨ ਸਾਰੇ ਮੁਸਾਫ਼ਰ ਬਸ ਸਫ਼ਰ ਦੇ ਵਾਸਤੇ
ਭਲਾ ਦਸ ਕੌਣ ਤੁਰਦਾ ਹੈ ਡਗਰ ਦੇ ਵਾਸਤੇ

ਇਹਦੇ ਵਿਚ ਧੁੱਪ ਝੱਖੜ ਨ੍ਹੇਰੀਆਂ ਤੇ ਜ਼ਲਜ਼ਲੇ
ਸਫ਼ਰ ਸੌਖਾ ਨਹੀਂ ਇਹ ਹਰ ਬਸ਼ਰ ਦੇ ਵਾਸਤੇ

ਉਨ੍ਹੇਂ ਖ਼ੁਦ ਉਮਰ ਭਰ ਮਾਣੀ ਸੀ ਛਾਇਆ ਜੇਸ ਦੀ
ਸਮਾ ਉਸ ਸ਼ਖ਼ਸ ਕੋਲੇ ਨਾ ਸ਼ਜਰ ਦੇ ਵਾਸਤੇ

ਕਦੇ ਵੀ ਸਾਰ ਨਾ ਪੁੱਛੀ ਸੀ ਮੇਰੀ ਜੇਸ ਨੇ
ਇਹ ਦਿਲ ਰੋਂਦਾ ਹੈ ਉਸਦੀ ਹੀ ਖ਼ਬਰ ਦੇ ਵਾਸਤੇ

ਜਿਹਦੇ ਤੋਂ ਦੇਵ ਤੈਨੂੰ ਯਾਦ ਕਰਦੇ ਰਹਿਣ ਲੋਕ
ਕੋਈ ਚੰਗਾ ਹੀ ਕੰਮ ਕਰ ਜਾ ਨਗਰ ਦੇ ਵਾਸਤੇ

ਗ਼ਜ਼ਲ ਸਿੱਖਣ ਲਈ ਮੈਂ ਤਰਸਿਆ ਹਾਂ ਉਮਰ ਭਰ
ਬੜਾ ਹੀ ਤੜਫਿਆ ਮੈਂ ਇਸ ਹੁਨਰ ਦੇ ਵਾਸਤੇ

•

## ਗ਼ਜ਼ਲ

ਅਜੇ ਰਸਤੇ 'ਚ ਆਉਣੇ ਪੀੜ ਦੇ ਕਿੰਨੇ ਨਗਰ ਬਾਕੀ
ਮੇਰੀ ਮੰਜ਼ਲ ਦੁਰੇਡੇ ਹੈ ਬੜਾ ਰਹਿੰਦਾ ਸਫ਼ਰ ਬਾਕੀ

ਜ਼ਿਬ੍ਹਾ ਕੀਤਾ ਤੂੰ, ਹਰ ਆਸ਼ਿਕ, ਅਨੋਖੀ ਹੈ ਅਦਾ ਤੇਰੀ
ਕਤਲ ਕਰਨਾ ਅਜੇ ਇਕ ਹੋਰ ਰਹਿੰਦਾ ਹੈ ਬਸ਼ਰ ਬਾਕੀ

ਤੂੰ ਦਿੱਤੇ ਜ਼ਖ਼ਮ ਨੇ ਡੂੰਘੇ ਪਤਾ ਨਈਂ ਭਰਨਗੇ ਕਿੱਦਾਂ
ਛਿੜਕਦੈਂ ਲੂਣ ਇਹਨਾਂ ਤੇ ਤੇਰਾ ਕਿੰਨਾਂ ਜਬਰ ਬਾਕੀ

ਤੇਰੇ ਨਾ ਚਾਹੁੰਦਿਆਂ ਹੋਇਆਂ ਵੀ ਹਾਲੇ ਜੀ ਰਿਹਾ ਹਾਂ ਮੈਂ
ਉਵੇਂ ਮਰਨੇ ਚ ਦੱਸ ਮੇਰੇ ਅਜੇ ਕਿਹੜੀ ਕਸਰ ਬਾਕੀ

ਤੇਰੇ ਦਰ ਤੇ ਜੋ ਫਿਰਦੀ ਹੈ ਇਹ ਮੇਰੀ ਲਾਸ਼ ਹੀ ਤਾਂ ਹੈ
ਕਿ ਮੇਰੇ ਮਰਨ ਦੀ ਹਾਲੇ ਤਾਂ ਆਉਣੀ ਹੈ ਖ਼ਬਰ ਬਾਕੀ

ਮੇਰੇ ਤੁਰ ਜਾਣ ਦਾ ਐਵੇਂ ਨਾ ਝੋਰਾ ਲਾ ਲਿਓ ਕਿਧਰੇ
ਮੈਂ ਪੱਤਾ ਕਿਰ ਗਿਆ ਤਾਂ ਕੀ, ਅਜੇ ਰਹਿੰਦਾ ਸ਼ਜ਼ਰ ਬਾਕੀ

ਢਲੀ ਹੈ ਸ਼ਾਮ ਭਾਵੇਂ ਦੇਵ ਦੀ ਇਸ ਜ਼ਿੰਦਗੀ ਅੰਦਰ
ਅਜੇ ਤਾਂ ਉਸ ਦਿਆਂ ਸ਼ਿਅਰਾਂ 'ਚ ਰਹਿੰਦੀ ਹੈ ਫ਼ਜਰ ਬਾਕੀ

•



## ਗ਼ਜ਼ਲ

ਮਹਿਫ਼ਲ ਅੰਦਰ ਆ ਕੇ ਬੈਠ ਗਿਆਂ, ਤੂੰ ਵੀ ਬਸ
ਹੁਣ ਕਿਉਂ ਛੱਤ ਦੇ ਵਲ ਨੂੰ ਦੇਖ ਰਿਹਾਂ, ਤੂੰ ਵੀ ਬਸ

ਹਰ ਵਾਰੀ ਹੀ ਰੰਗ ਨਵੇਂ ਦੇ ਜਾਨੈਂ ਕਿੰਨੇ
ਜਦ ਜਦ ਵੀ ਸਾਨੂੰ ਆ ਕੇ ਮਿਲਿਆਂ, ਤੂੰ ਵੀ ਬਸ

ਤੈਨੂੰ ਦੂਰ ਕਿਤੇ ਨਾ ਦੇਖਣ ਜਾਣਾ ਪੈਂਦਾ
ਕਿਉਂ ਕਰ ਮੇਰੇ ਅੰਦਰ ਹੈਂ ਵਸਿਆਂ, ਤੂੰ ਵੀ ਬਸ

ਆਲ ਦੁਆਲੇ ਜਦ ਵੀ ਮੈਨੂੰ ਕੁਝ ਨਾ ਦਿਸਦਾ
ਤੂੰ ਹੀ ਮੈਨੂੰ ਹਰ ਪਾਸੇ ਹੈ ਦਿਸਿਆਂ, ਤੂੰ ਵੀ ਬਸ

ਮੇਰੇ ਹਾਸੇ ਵਿਚ ਤੂੰ ਹਰ ਦਿਨ ਸ਼ਾਮਿਲ ਹੁੰਦਾ
ਹੰਝੂ ਬਣ ਗੱਲ੍ਹਾਂ ਤੋਂ ਹੈਂ ਵਗਿਆਂ, ਤੂੰ ਵੀ ਬਸ

ਜਾਣਾ ਵੀ ਚਾਹੇਂ, ਹੈ ਬੈਠਾ ਵੀ ਤੂੰ ਕੋਲ਼ੇ
ਹੱਥਾਂ ਵਿਚ ਦੇਵ ਹੈ ਹੱਥ ਵੀ ਫ਼ੜਿਆ ਤੂੰ ਵੀ ਬਸ

•

## ਗ਼ਜ਼ਲ

ਭੀੜ ਸੀ ਇਕ ਰਹਿਬਰਾਂ ਦੀ, ਫਿਰ ਸਹਾਰਾ ਕਿਉਂ ਨਾ ਮਿਲਿਆ
ਠਿਲ ਰਹੀ ਮੇਰੀ ਹੀ ਕਿਸ਼ਤੀ ਨੂੰ ਕਿਨਾਰਾ ਕਿਉਂ ਨਾ ਮਿਲਿਆ

ਰਾਤ ਦਿਨ ਸੂਰਜ ਰਹੇ ਸੀ ਮੇਰੀਆਂ ਜੂਹਾਂ 'ਚ ਆਉਂਦੇ
ਜਦ ਪਈ ਸੀ ਲੋੜ ਤਾਂ ਇਕ ਸ਼ਰਾਰਾ ਕਿਉਂ ਨਾ ਮਿਲਿਆ

ਮੈਂ ਇਨ੍ਹਾਂ ਪਿੱਛੇ ਹਾਂ ਤੁਰਿਆ ਲੈ ਉਮੀਦਾਂ ਜ਼ਿੰਦਗੀ ਭਰ
ਫਿਰ ਕਦੇ ਰੀਝਾਂ ਦੇ ਵੱਲੋਂ ਹੀ ਇਸ਼ਾਰਾ ਕਿਉਂ ਨਾ ਮਿਲਿਆ

ਕੌਣ ਆ ਕੇ ਏਸ ਨੂੰ ਸਾਰਾ ਹੀ ਖ਼ਾਲੀ ਕਰ ਗਿਆ ਹੈ
ਕਿ ਮੇਰੇ ਅੰਬਰ 'ਚੋਂ ਮੈਨੂੰ ਇਕ ਸਿਤਾਰਾ ਕਿਉਂ ਨਾ ਮਿਲਿਆ

ਉਮਰ ਭਰ ਹੀ ਤਰਸੀਆਂ ਅੱਖਾਂ ਸੀ ਜਿਸ ਦੇ ਵਾਸਤੇ ਹੀ
ਦੇਵ ਇਨ੍ਹਾਂ ਬੇਚਾਰੀਆਂ ਨੂੰ ਉਹ ਨਜ਼ਾਰਾ ਕਿਉਂ ਨਾ ਮਿਲਿਆ

•



## ਗ਼ਜ਼ਲ

ਆਪ ਅਪਣੇ ਆਪ ਦਾ ਕੁਝ ਤਾਂ ਖ਼ੁਲਾਸਾ ਦੇਵ ਕਰ
ਰੂਹ ਨੂੰ ਸਹਿਰਾ ਵਾਂਗਰਾਂ ਨਾ ਰੋਜ਼ ਪਿਆਸਾ ਦੇਵ ਕਰ

ਹਰ ਕੁਈ ਹੀ ਧਰਤ ਉੱਤੇ ਸਾਰਥਕ ਹੁੰਦਾ ਨਹੀਂ
ਆਪਣੇ ਅੰਦਰਲੇ ਹੁੱਨਰ ਨੂੰ ਸਿਤਾਰਾ ਦੇਵ ਕਰ

ਜ਼ਿੰਦਗੀ ਨ੍ਹੇਮਤ ਖ਼ੁਦਾ ਨੂੰ ਯਾਦ ਵੀ ਕਰਿਆ ਕਰ
ਹੈ ਖ਼ੁਸ਼ੀ ਜਾਂ ਗ਼ਮ ਤੂੰ ਉਸ ਉੱਤੇ ਭਰੋਸਾ ਦੇਵ ਕਰ।

ਆਪਣੇ ਮਤਲਵ ਲਈ ਕਰਦਾ ਹੈ ਜਿਹੜਾ ਦੋਸਤੀ
ਯਾਰ ਐਸੇ ਦੋਸਤਾਂ ਕੋਲੋਂ ਤੂੰ ਤੌਬਾ ਦੇਵ ਕਰ

ਦਿਲ 'ਚ ਜੇ ਜਜ਼ਬਾਤ ਕੁਝ ਹੋਵਣ ਤਾਂ ਹੈ ਚੰਗੀ ਵਜ੍ਹਾ
ਬੇਵਜ੍ਹਾ ਅਪਣੇ ਗ਼ਮਾਂ ਦਾ ਨਾ ਵਿਖਾਵਾ ਦੇਵ ਕਰ

ਸਫ਼ਲਤਾ ਸਭ ਕੁਝ ਨਹੀਂ ਹੈ ਜ਼ਿੰਦਗੀ ਦੇ ਵਾਸਤੇ
ਹਾਰ ਵਿਚ ਵੀ ਜਿੱਤ ਹੈ ਤਾਂ ਦਿਲ ਵੀ ਹਰਿਆ ਦੇਵ ਕਰ

ਇਸ਼ਕ ਤੇਰੇ ਨਾਲ਼ ਮੈਨੂੰ, ਆਜ਼ਮਾਕੇ ਦੇਖ ਲੈ
ਦੌੜ ਆਵਾਂਗਾ ਮੈਂ ਇਕ ਵਾਰੀ ਇਸ਼ਾਰਾ ਦੇਵ ਕਰ

•

## ਗ਼ਜ਼ਲ

ਅੱਜ ਦੀ ਇਹ ਸ਼ਾਮ ਕਿੰਨੀ ਖ਼ਾਸ ਹੈ
ਦਿਲ ਮੇਰਾ ਹਾਲੇ ਵੀ ਉਸਦੇ ਪਾਸ ਹੈ

ਖ਼ੂਬਸੂਰਤ ਰਾਤ ਮੇਰੇ ਨਾਲ਼ ਤੂੰ
ਫ਼ੇਰ ਇਕਲਾਪਾ ਕਿਉਂ ਆਉਂਦਾ ਰਾਸ ਹੈ

ਥਲ ਦੇ ਵਾਂਗਰ ਤਪ ਰਿਹਾ ਹੈ ਦੇਵ ਪਰ
ਸੀਤ ਵਾਅ ਦਾ ਪੈ ਰਿਹਾ ਆਭਾਸ ਹੈ

ਅੰਬਰੋਂ ਬਣ ਬੱਦਲੀ ਵਰ੍ਹ ਖਾਂ ਜ਼ਰਾ
ਹੁਣ ਨਦੀ ਕੋਲੋਂ ਨਾ ਬੁਝਦੀ ਪਿਆਸ ਹੈ

ਫ਼ਾਸਲੇ ਸਾਡੇ ਤਾਂ ਹੁਣ ਘਟਣੇ ਨਹੀਂ
ਹੈ ਕਦੀ ਮਜਲਸ ਕਦੀ ਇਜਲਾਸ ਹੈ

ਚੰਦ ਬਣ ਕੇ ਖ਼ਾਬ ਵਿਚ ਹੀ ਆ ਕਦੀ
ਅੱਜ ਵੀ ਦੀਦਾਰ ਦੀ ਇਕ ਆਸ ਹੈ

ਤੂੰ ਪਹਾੜੋਂ ਉਤਰ ਕੇ ਮੈਨੂੰ ਮਿਲੇਂ
ਪਿੰਡ ਮੇਰਾ ਤਾਂ ਨਹਿਰ ਦੇ ਪਾਸ ਹੈ

ਦੂਰ ਭਾਵੇਂ ਦੇਵ ਹੈ ਕਿੰਨਾ ਮਗਰ
ਦਿਲ ਦੇ ਲਾਗੇ ਓਸਦਾ ਪਰ ਵਾਸ ਹੈ

•



## ਗ਼ਜ਼ਲ

ਜਲਣ, ਨਫ਼ਰਤ ਦਾ ਇਹ ਮੌਸਮ ਨਹੀਂ ਹੈ
ਖ਼ੁਸ਼ੀ ਹਰ ਤਰਫ਼ ਐਪਰ, ਗ਼ਮ ਨਹੀਂ ਹੈ

ਸ਼ਖ਼ਸ ਕੋਈ ਨਹੀਂ ਬਿਹਤਰ ਕਿਸੇ ਤੋਂ
ਕਿਸੇ ਦਾ ਬੁੱਤ, ਕਿਸੇ ਤੋਂ ਕਮ ਨਹੀਂ ਹੈ

ਉਹ ਕੀ ਜਾਣੇ ਕਿਸੇ ਦੀ ਕਦਰ ਯਾਰੋ
ਕਦੇ ਜਿਸ ਵੇਖਿਆ ਹੀ ਗ਼ਮ ਨਹੀਂ ਹੈ

ਤਬੀਬਾ ਸਮਝ ਲੈ ਇਹ ਗੱਲ ਹੁਣ ਤੂੰ
ਮੁਹੱਬਤ ਜ਼ਖ਼ਮ ਹੈ ਮੱਲਮ ਨਹੀਂ ਹੈ

ਮੇਰੇ ਦਿਲ ਚੋਂ ਮਿਟਾਵੇ ਯਾਦ ਉਸਦੀ
ਜ਼ਮਾਨੇ ਵਿਚ ਤਾਂ ਐਨਾ ਦਮ ਨਹੀਂ ਹੈ

ਧੜਕਦਾ ਦਿਲ ਤਾਂ ਹੈ ਸੀਨੇ ’ਚ ਮੇਰੇ
ਮਗਰ ਸਾਹਾਂ ’ਚ ਉਹ ਸਰਗਮ ਨਹੀਂ ਹੈ

ਨਾ ਕੋਈ ਸਖ਼ਸ਼ ਐਸਾ ਦੇਖਿਆ ਹੈ
ਜ਼ਮਾਨੇ ਵਿੱਚ ਜਿਸਨੂੰ ਗ਼ਮ ਨਹੀਂ ਹੈ

•

## ਗ਼ਜ਼ਲ

ਟੁੱਟਦਾ ਲਗਦਾ ਹੈ ਘੇਰਾ ਪਿਆਰ ਦੀ ਜ਼ੰਜੀਰ ਦਾ
ਨਫ਼ਰਤਾਂ ਨੇ ਕੰਮ ਕੀਤਾ ਇਸ ਤਰ੍ਹਾਂ ਸ਼ਮਸ਼ੀਰ ਦਾ

ਜ਼ਿੰਦਗੀ ਵਿਚ ਜਿਸ ਕਦੇ ਕੀਤੀ ਮੁਹੱਬਤ ਹੀ ਨਹੀਂ
ਉਹ ਕੀ ਜਾਣੇ ਜ਼ਾਇਕਾ ਕੀ ਇਸ਼ਕ ਦੀ ਤਾਸੀਰ ਦਾ

ਕੀ ਮੁਕੱਦਰ ਵਿਚ ਉਸ ਲਿਖਿਆ ਸੋਚਣਾ ਬੇਕਾਰ ਹੈ
ਬਦਲਦਾ ਨਾ ਫ਼ੈਸਲਾ ਲਿਖਿਆ ਜੋ ਹੈ ਤਕਦੀਰ ਦਾ

ਹੁਣ ਲਿਆ ਹੈ ਰੁਖ਼ ਬਦਲ ਕਿਉਂ , ਛੱਡਕੇ ਨੈਣਾਂ ਦੇ ਤੀਰ
ਜ਼ਖ਼ਮ ਦੇਣੇ ਦਾ ਇਰਾਦਾ ਕੀ ਨਹੀਂ ਹੈ ਤੀਰ ਦਾ

ਅੱਜ ਕੱਲ੍ਹ ਦੇ ਲੀਡਰਾਂ ਦਾ ਵੱਖਰਾ ਹੀ ਹਾਲ ਹੈ
ਹੁਣ ਰਿਹਾ ਪੱਧਰ ਨਾ ਕੋਈ ਦੇਵ ਹੈ ਤਕਰੀਰ ਦਾ

ਜ਼ਿੰਦਗੀ ਜਿਸ ਨੇ ਬਿਤਾਈ ਹੈ ਹਨ੍ਹੇਰੇ ਵਿਚ ਉਹੀ
ਜਾਣਦਾ ਹੈ ਮੁੱਲ ਹੁੰਦਾ ਕੀ ਭਲਾ ਤਨਵੀਰ ਦਾ

ਵੇਖਿਆ ਨਾ ਖ਼ਾਬ ਜਿਸਨੇ ਹੈ ਕਦੀ ਜੀਵਨ ਦੇ ਵਿਚ
ਉਹ ਕੀ ਜਾਣੇ ਕੀ ਮਜ਼ਾ ਸੁਪਨੇ ਦੇ ਵਿਚ ਤਾਬੀਰ ਦਾ

ਦੇਵ ਇਕ ਦਮ ਵਰਤਿਆ ਕੁਦਰਤ ਦਾ ਭਾਣਾ ਪਿੰਡ ਵਿਚ
ਵਗ ਰਿਹਾ ਹੁਣ ਹੈ ਪਸੀਨਾ ਮੇਰੇ ਹਰ ਇਕ ਵੀਰ ਦਾ

•



## ਗ਼ਜ਼ਲ

ਪਰਖ ਨਾ ਤੂੰ, ਕਿ ਪਰਖਣ ਨਾਲ ਤਾਂ ਅਪਣਾ ਨਹੀਂ ਲਗਦਾ
ਜ਼ਿਆਦਾ ਵੇਖ ਕੇ ਸ਼ੀਸ਼ਾ ਕੋਈ ਸੋਹਣਾ ਨਹੀਂ ਲਗਦਾ

ਹਮੇਸ਼ਾ ਫ਼ਾਸਲਾ ਰੱਖ ਵੱਡਿਆਂ ਲੋਕਾਂ ਦੇ ਨਾਲ਼ੋਂ ਤੂੰ
ਸਮੁੰਦਰ ਨਾਲ ਮਿਲ ਦਰਿਆ ਕਦੇ, ਦਰਿਆ ਨਹੀਂ ਲਗਦਾ

ਸਿਵੇ ਹੀ ਜਾਪਦੇ ਨੇ ਮੇਰੀਆਂ ਗ਼ਜ਼ਲਾਂ ਦੇ ਵਿਚ ਹੁਣ ਤਾਂ
ਕਿ ਕੋਈ ਸ਼ਿਅਰ ਗ਼ਜ਼ਲਾਂ ਵਿੱਚ ਹੁਣ ਜੀਉਂਦਾ ਨਹੀਂ ਲਗਦਾ

ਨਵੇਂ ਅੰਦਾਜ਼ ਦਾ ਹੈ ਸ਼ਹਿਰ ਹੁਣ ਤੇਰਾ ਮਿਰੇ ਯਾਰਾ
ਮੇਰੇ ਵਰਗਾ ਕੁਈ ਵੀ ਸ਼ਹਿਰ ਵਿਚ ਵਸਦਾ ਨਹੀਂ ਲਗਦਾ

ਮੁਹੱਬਤ ਮਹਿਕ ਹੈ ਜੋ ਜ਼ਿੰਦਗੀ ਦੇ ਨਾਲ ਤੁਰਦੀ ਹੈ
ਕੋਈ ਵੀ ਦੇਵ ਤਨਹਾਈ 'ਚ ਵੀ ਤਨਹਾ ਨਹੀਂ ਲਗਦਾ

ਕੁਈ ਬੱਦਲ ਫਜ਼ਾ ਚੰਗੀ ਦਾ ਫਿਰ ਐਲਾਨ ਕਰਦਾ ਹੈ
ਖਿਜ਼ਾਂ ਵਿਚ ਬਿਰਖ ਤੇ ਜਦ ਕੋਈ ਵੀ ਪੱਤਾ ਨਹੀਂ ਲਗਦਾ

•

## .ਗ਼ਜ਼ਲ

ਸਿਰ ਝੁਕਾਓ ਤਾਂ ਇਹ ਪੱਥਰ ਦੇਵਤਾ ਹੋ ਜਾਇਗਾ
ਯਾਦ ਐਨਾ ਵੀ ਨਾ ਕਰ ਉਹ ਬੇਵਫ਼ਾ ਹੋ ਜਾਇਗਾ

ਮੈਂ ਹੁਨਰ ਅਪਣੇ ਤੋਂ ਜਾਣੂ, ਮੈਂ ਤਾਂ ਦਰਿਆ ਹਾਂ ਜਨਾਬ
ਮੈਂ ਜਿਧਰ ਵੀ ਵਗ ਤੁਰਾਂ, ਖ਼ੁਦ ਰਾਸਤਾ ਹੋ ਜਾਇਗਾ

ਜ਼ਿੰਦਗੀ ਨੇ ਸੱਚ ਇਹ ਮੈਨੂੰ ਸੁਣਾ ਦਿੱਤਾ ਹੈ ਖ਼ੁਦ
ਤੂੰ ਮਿਰਾ ਹੋਇਆ ਨਾ ਕੋਈ ਦੂਸਰਾ ਹੋ ਜਾਇਗਾ

ਰੱਬ ਦਾ ਬਸ ਨਾਮ ਲੈ ਕੇ ਦੇਵ ਪੀਂਦਾ ਰੋਜ਼ ਹੈ
ਜ਼ਹਰ ਵੀ ਹੋਇਆ ਅਗਰ ਇਸ ਵਿਚ, ਦਵਾ ਹੋ ਜਾਇਗਾ

ਉਸਦੀ ਕੁਦਰਤ ਵਿਚ, ਹਵਾ, ਖ਼ੁਸ਼ਬੂ, ਧਰਤ ਤੇ ਫ਼ਲਕ ਹਨ
ਮੈਂ ਜਿਧਰ ਜਾਵਾਂਗਾ ਦਾਤੇ ਨੂੰ ਪਤਾ ਹੋ ਜਾਇਗਾ
•



## .ਗ਼ਜ਼ਲ

ਇਹ ਮੇਰਾ ਬਿਰਹੜਾ ਸ਼ਬਦਾਂ ਦੇ ਵਿੱਚ ਲੁਕਦਾ ਰਿਹਾ
ਮੈਂ ਕਮਲ਼ਾ ਰਾਤ ਭਰ ਲਿਖਦਾ ਰਿਹਾ, ਲਿਖਦਾ ਰਿਹਾ

ਸਿਖ਼ਰ ਤੇ ਪਹੁੰਚ ਕੇ ਸਾਰੇ ਚਮਕਣਾ ਲੋੜਦੇ
ਮਗਰ ਮੈਂ ਤਾਰਿਆਂ ਦੇ ਵਿੱਚ ਹੀ ਛੁਪਦਾ ਰਿਹਾ

ਜੇ ਆਕੜਦਾ ਤਾਂ ਸ਼ਾਇਦ ਟੁੱਟ ਜਾਂਦਾ ਜਲਦ ਹੀ
ਮੈ ਨਾਜ਼ੁਕ ਸੀ ਲਗਰ ਵਾਂਗਰ, ਸਦਾ ਝੁਕਦਾ ਰਿਹਾ

ਬਦਲਦਾ ਰੰਗ ਉਹ, ਬੰਦਾ ਕੁਬੰਦਾ ਦੇਖ ਕੇ
ਮੇਰਾ ਇਕ ਰੰਗ ਸੀ ਉਹ ਵੀ ਸਦਾ ਉਡਦਾ ਰਿਹਾ

ਉਹ ਤੇਜ਼ੀ ਨਾਲ ਕਿਸ਼ਤੀ ਵਿਚ ਬਹਿ ਕੇ ਤੁਰ ਗਿਆ
ਮੈ ਤਾਂ ਦਰਿਆ ਦੀਆਂ ਛੱਲਾਂ ਹੀ ਬਸ ਫੜਦਾ ਰਿਹਾ

ਮੈਂ ਸਾਰੇ ਇਸ ਤਰ੍ਹਾਂ ਕਰਦਾ ਰਿਹਾ ਝਗੜੇ ਖ਼ਤਮ
ਕਿ ਗਲਤੀ ਕੀਤਿਆਂ ਬਿਨ ਹੱਥ ਹੀ ਬੰਨ੍ਹਦਾ ਰਿਹਾ

ਖੜ੍ਹਾ ਸੀ ਦੇਵ ਇੱਕੋ ਹੀ ਜਗ੍ਹਾ ਬੁੱਤ ਵਾਂਗਰਾਂ
ਨਿ੍ਮੋਹਾ ਵਕਤ ਉਸ ਕੋਲ਼ੋਂ ਪਰ੍ਹਾਂ ਤੁਰਦਾ ਰਿਹਾ
•

## ਗਜਲ

ਕਰੋਂ ਜੇ ਇਸ਼ਕ ਤਾਂ ਹਾਲਤ ਬੜੀ ਗ਼ਮਗੀਨ ਹੁੰਦੀ ਹੈ
ਗੁਨਾਹ ਗੰਭੀਰ ਹੋਵੇ ਤਾਂ ਸਜ਼ਾ ਸੰਗੀਨ ਹੁੰਦੀ ਹੈ

ਤੂੰ ਮਸਲੇ ਇਸ਼ਕ ਦੇ ਸਾਰੇ ਲੁਕਾ ਕੇ ਰੱਖ ਇਹਦੇ ਤੋਂ
ਚੁਫੇਰੇ ਦੀ ਇਹ ਦੁਨੀਆ ਤਾਂ ਤਮਾਸ਼ਾਬੀਨ ਹੁੰਦੀ ਹੈ

ਸਫ਼ਰ ਦੀ ਧੁੱਪ ਵੀ ਜੇਕਰ ਤੁਹਾਨੂੰ ਹੈ ਖ਼ੁਸ਼ੀ ਦਿੰਦੀ
ਤਾਂ ਇਸ ਵਿਚ ਰਾਹ ਦੀਆਂ ਛਾਵਾਂ ਦੀ ਵੀ ਤੌਹੀਨ ਹੁੰਦੀ ਹੈ

ਜਦੋਂ ਵਾਪਸ ਤੂੰ ਆ ਜਾਨਾ ਤਾਂ ਖਿੜਦਾ ਹੈ ਮੇਰਾ ਚਿਹਰਾ
ਤੇ ਤੇਰੇ ਜਾਂਦਿਆਂ ਹਾਲਤ ਮੇਰੀ ਮਸਕੀਨ ਹੁੰਦੀ ਹੈ

ਰੋ ਲੈ ਥੋੜਾ ਕਿਤੇ ਅੱਖਾਂ 'ਚ ਹੰਝੂ ਸੁੱਕ ਨਾ ਜਾਵਣ
ਜ਼ਖ਼ਮ ਜੇ ਭਰਨ ਨਾ ਤਾਂ ਜੀਭ ਫਿਰ ਨਮਕੀਨ ਹੁੰਦੀ ਹੈ

ਬੁਢਾਪੇ ਦਾ ਸਹਾਰਾ ਜੇ ਨਹੀਂ ਬਣਦੇ ਉਹਦੇ ਬੱਚੇ
ਤਾਂ ਦੁੱਖਾਂ ਦੀ ਸਤਾਈ ਮਾਂ ਗ਼ਮਾਂ ਵਿਚ ਲੀਨ ਹੁੰਦੀ ਹੈ

ਮੁਸੱਵਰ ਜਦ ਕਦੇ ਵੀ ਆਪਣੇ ਕਿਰਦਾਰ ਤੋਂ ਡਿਗਦੈ
ਸਿਆਹ ਹੋ ਜਾਂਦੀ ਹੈ ਤਸਵੀਰ ਜੋ ਰੰਗੀਨ ਹੁੰਦੀ ਹੈ

•



## ਗ਼ਜ਼ਲ

ਚਾਹ ਸੀ ਕਿ ਜੀਵਨ 'ਚ ਇਕ ਸੋਹਣਾ ਜਿਹਾ ਮੰਜ਼ਰ ਮਿਲੇ
ਉਮਰ ਭਰ ਰਸਤੇ 'ਚ ਸਾਨੂੰ ਖਾਰ ਤੇ ਪੱਥਰ ਮਿਲੇ

ਚਿਹਰਿਆਂ ਉੱਤੇ ਕਿਵੇਂ ਮਾਸਕ ਜ਼ਰੂਰੀ ਹੋ ਗਿਆ
ਕੀ ਪਤਾ ਕਦ ਇਹ ਕਰੋਨਾ ਬਣ ਕੇ ਅਜਗਰ ਮਿਲੇ

ਇਸ ਸਿਆਸਤ ਵਿਚ ਵੀ ਹੋ ਸਕਦਾ ਹੈ ਕੋਈ ਚਮਤਕਾਰ
ਚਮਚਿਆਂ ਦੀ ਥਾਂ ਤੇ ਜੇ ਬੰਦਾ ਕੋਈ ਨਾਬਰ ਮਿਲੇ

ਦੇਸ਼ 'ਚੋਂ ਗੁਰਬਤ ਮੁਕਾਵਣ ਦੇ ਬੜੇ ਨਾਹਰੇ ਸੁਣੇ
ਫੇਰ ਵੀ ਗੁਰਬਤ ਦੇ ਮਾਰੇ ਏਥੇ ਤਾਂ ਹਰ ਘਰ ਮਿਲੇ

ਭਾਲੀਏ ਕਿਥੋਂ ਉਹ ਰਹਿਬਰ ਜੋ ਦਿਖਾਵਣ ਰਾਸਤੇ
ਰਹਿਬਰਾਂ ਦੀ ਥਾਂ ਤੇ ਹਰ ਪਾਸੇ ਹੀ ਬਾਜ਼ੀਗਰ ਮਿਲੇ

ਇਹ ਸਫ਼ੀਨਾ ਉਮਰ ਦਾ ਇਸ ਦੌੜ ਵਿਚ ਫ਼ਸਿਆ ਹੈ ਇਉਂ
ਹੁਣ ਹੈ ਇੱਛਾ ਕੇ ਵਕਤ ਥੋੜ੍ਹੇ ਲਈ ਲੰਗਰ ਮਿਲੇ

ਬੇਟੀਆਂ ਨੂੰ ਬੇਟਿਆਂ ਜੇਹੀ ਮਿਲੇ ਇੱਜਤ ਕਦੇ
ਹਰ ਨਦੀ ਨੂੰ ਸ਼ਾਂਤ ਜੇਹਾ ਇਕ ਮਹਾਸਾਗਰ ਮਿਲੇ

•

## ਗ਼ਜ਼ਲ

ਦੇਸ਼ ਵਿਚ ਕਾਨੂੰਨ ਹੈ ਉਸਦੀ ਹਿਫ਼ਾਜ਼ਤ ਦੇ ਲਈ
ਦੇਵ ਜੀਣਾ ਦੁਭਰ ਫਿਰ ਵੀ ਕਿਉਂ ਹੈ ਔਰਤ ਦੇ ਲਈ

ਇਹ ਤਾਂ ਸੁਣਿਐ ਤੀਵੀਆਂ ਆਜ਼ਾਦ ਨੇ ਇਸ ਦੇਸ਼ ਵਿਚ
ਫਿਰ ਉਹ ਕਿਉਂ ਮਜਬੂਰ ਜਿਸਮਾਂ ਦੀ ਤਿਜਾਰਤ ਦੇ ਲਈ

ਅਜ਼ਲ ਤੋਂ ਹਰ ਘਰ ਚ ਹੀ ਧੀਆਂ ਤੇ ਲੱਗਣ ਬੰਦਸ਼ਾਂ
ਕੌਣ ਜਿੰਮੇਵਾਰ ਹੈ ਧੀਆਂ ਦੀ ਦੁਰਗਤ ਦੇ ਲਈ

ਕੀ ਕੋਈ ਇਸ ਦੀ ਵੀ ਥਾਂ ਪੂਜਣ ਲਈ ਮਿਲਦੀ ਕਿਤੇ
ਕਿਉਂ ਕੋਈ ਜਾਂਦਾ ਨਾ ਔਰਤ ਦੀ ਜ਼ਿਆਰਤ ਦੇ ਲਈ

ਲੋਕ ਤਾਂ ਪੜ੍ਹ ਲਿਖ ਕੇ ਕਰਦੇ ਛੋਟੀ ਮੋਟੀ ਨੌਕਰੀ
ਦੇਸ਼ ਵਿਚ ਗੁੰਡੇ ਬਥੇਰੇ ਨੇ ਹਕੂਮਤ ਦੇ ਲਈ

ਬੋਲ਼ਿਆਂ ਕੰਨਾਂ ਨੇ ਤਾ ਉਸ ਨੂੰ ਕਦੇ ਸੁਣਿਆ ਨਹੀਂ
ਔਰਤਾਂ ਲਾਈ ਜਦੋਂ ਆਵਾਜ਼ ਤਾਕਤ ਦੇ ਲਈ
•



## ਗ਼ਜ਼ਲ

ਵਕਤ ਨੇ ਹੁਣ ਨਾਲ ਮੇਰੇ ਕੀਤੀਆਂ ਨੇ ਰੰਜਿਸ਼ਾਂ
ਖ਼ੁਦਕਸ਼ੀ ਦੇ ਵਾਸਤੇ ਹੁਣ ਕਰ ਰਿਹਾਂ ਮੈਂ ਕੋਸ਼ਿਸ਼ਾਂ

ਅਜਨਬੀ ਜੋ ਵੀ ਮਿਲੇ ਸਾਰੇ ਮੁਹੱਬਤ ਨਾ' ਮਿਲੇ
ਪਰ ਗਿਲਾ ਹੈ ਅਪਣਿਆਂ ਨੇ ਕੀਤੀਆਂ ਸੀ ਸਾਜਿਸ਼ਾਂ

ਆਪ ਅਪਣੇ ਨਾਲ ਹੀ ਨਾਰਾਜ਼ ਲਗਦਾ ਹੈ ਖ਼ੁਦਾ
ਹੜ੍ਹ ਗਏ ਉਸਦੇ ਹੀ ਘਰ ਵਰ੍ਹੀਆਂ ਜਦੋਂ ਸੀ ਬਾਰਿਸ਼ਾਂ

ਪੰਡਤਾਂ ਨੂੰ ਕਿਉਂ ਦਿਖਾਉਨੈ ਹੱਥ ਦੀਆਂ ਲੀਕਾਂ ਐ ਦੇਵ
ਇਹ ਕਿਵੇਂ ਰੋਕਣਗੇ ਤੇਰੀ ਜ਼ਿੰਦਗੀ ਚੋਂ ਗਰਦਿਸ਼ਾਂ

ਘਰ ਲੁਕੇ ਨੇ ਲੋਕ ਸਾਰੇ ਲਾ ਕੇ ਕੁੰਡੀ ਅੰਦਰੋਂ
ਤੇ ਕਰੋਨਾ ਸੜਕ ਉੱਤੇ ਕਰ ਰਿਹਾ ਹੈ ਵਰਜਿਸ਼ਾਂ
•

## ਗ਼ਜ਼ਲ

ਗ਼ਮ ਮੇਰੇ ਦੀ ਸਹਰ ਹੋਵੇ ਇਹ ਜ਼ਰੂਰੀ ਤਾਂ ਨਹੀਂ
ਦਰਦ ਦੀ ਵੀ ਉਮਰ ਹੋਵੇ ਇਹ ਜ਼ਰੂਰੀ ਤਾਂ ਨਹੀਂ

ਧੁੱਪ ਵਿਚ ਸੜਦਾ ਪਿਆ ਹੈ ਬਿਰਖ ਸੁੱਕੇਗਾ ਇਹ ਹੁਣ
ਬਰਖਾ ਇਸ ਤੋਂ ਮਗਰ ਹੋਵੇ ਇਹ ਜ਼ਰੂਰੀ ਤਾਂ ਨਹੀਂ

ਮੈਂ ਤਾਂ ਹਰ ਇਕ ਹਾਲ ਵਿਚ ਰੱਖੀ ਖ਼ਬਰ ਉਸਦੀ ਮਗਰ
ਉਸ ਨੂੰ ਵੀ ਮੇਰੀ ਖ਼ਬਰ ਹੋਵੇ ਇਹ ਜ਼ਰੂਰੀ ਤਾਂ ਨਹੀਂ

ਰਸਤਿਆਂ ਵਿਚ ਬਹੁਤ ਬੰਦੇ ਬਸਰ ਕਰਦੇ ਜੀਂਦਗੀ
ਕੋਲ਼ ਸਭ ਦੇ ਠਹਿਰ ਹੋਵੇ ਇਹ ਜ਼ਰੂਰੀ ਤਾਂ ਨਹੀਂ

ਉਂਞ ਤਾਂ ਅੱਖਾਂ ਚੋਂ ਵੀ ਦਰਿਆ ਵਹਿਣ ਲਗ ਪੈਂਦੇ ਕਦੀ
ਹੰਝੂਆਂ ਵਿਚ ਅਸਰ ਹੋਵੇ ਇਹ ਜ਼ਰੂਰੀ ਤਾਂ ਨਹੀਂ

•



## ਗ਼ਜ਼ਲ

ਉਦਾਸੇ ਹਾਸਿਆਂ ਦੇ ਹੇਠ ਛੁਪੀਆਂ ਸਿਸਕੀਆਂ ਵੇਖੋ
ਜੇ ਦੇਖਣੀਆਂ ਤਾਂ ਫਿਰ ਗੁਰਬਤ ਦੀਆਂ ਮਜਬੂਰੀਆਂ ਵੇਖੋ

ਜੇ ਟੋਲਣੀਆਂ ਨੇ ਕਮੀਆਂ ਆਪਣੇ ਵਿੱਚੋਂ ਤੁਸੀਂ ਐ ਦੇਵ
ਤਾਂ ਦੂਸਰਿਆਂ ਦੀਆਂ ਫਿਰ ਸਿਰਫ਼ ਗੱਲਾਂ ਚੰਗੀਆਂ ਵੇਖੋ

ਤੁਸੀਂ ਖ਼ੁਦ ਆਖ ਦੇਣਾ ਹੈ ਇਨ੍ਹਾਂ ਤੋਂ ਦੂਰੀਆਂ ਬਿਹਤਰ
ਜੇ ਇਕ ਵਾਰੀ ਤੁਸੀਂ ਗਹੁ ਨਾਲ ਇਹ ਨਜਦੀਕੀਆਂ ਵੇਖੋ

ਇਨ੍ਹਾਂ 'ਚੋਂ ਲੰਘ ਕੇ ਰੱਬ ਆਪ ਅੰਦਰ ਆਉਣ ਨੂੰ ਤਤਪਰ
ਕਦੇ ਦਿਲ ਵਾਲੀਆਂ ਵੀ ਖੋਲ੍ਹ ਕੇ ਸਭ ਬਾਰੀਆਂ ਵੇਖੋ

ਬੁਲੰਦੀ ਤੇ ਹਮੇਸ਼ਾ ਰਹਿੰਦੀਆਂ ਨੇ ਹੌਸਲੇ ਸਦਕਾ
ਬਿਨਾ ਖੰਭਾਂ ਤੋਂ ਅੰਬਰੀਂ ਉਡਦੀਆਂ ਇਹ ਬੱਦਲੀਆਂ ਵੇਖੋ

ਕਦੇ ਜੇ ਯਾਦ ਮਾਂ ਪਿਉ ਦੀ ਸਤਾਵੇ ਦੇਵ ਤਾਂ ਜਾ ਕੇ
ਤੁਸੀਂ ਸੰਦੂਕ ਵਿਚ ਸੰਭਾਲ਼ੀਆਂ ਫਿਰ ਖੇਸੀਆਂ ਵੇਖੋ

•

## ਗ਼ਜ਼ਲ

ਤੇਰੇ ਤਕ ਆਉਣ ਤੋਂ ਬਿਹਤਰ ਨਹੀਂ ਮੇਰਾ ਸਫ਼ਰ ਕੋਈ
ਕਿ ਚਲ ਅਪਣਾ ਵਸਾ ਲਈਏ ਮੁਹੱਬਤ ਦਾ ਨਗਰ ਕੋਈ

ਜੇ ਉਸ ਦਾ ਯਾਰ ਉਸ ਦੇ ਨਾਲ ਦੁਸ਼ਮਣ ਵਾਂਗ ਨਾ ਨਿਭਦਾ
ਨਹੀਂ ਨਫ਼ਰਤ ਬਣਾ ਸਕਦੀ ਸੀ ਉਸ ਦੇ ਦਿਲ 'ਚ ਘਰ ਕੋਈ

ਮੇਰੇ ਪੈਰਾਂ ਨੂੰ ਮੇਰੀ ਬਾਤ ਮੰਨਣ ਦੀ ਨਹੀਂ ਆਦਤ
ਜਦੋਂ ਇਹ ਪੈਰ ਮੰਨਦੇ ਨੇ ਨਹੀਂ ਮਿਲਦੀ ਡਗਰ ਕੋਈ

ਤੁਹਾਡੇ ਕੋਲ਼ ਹੈ ਤਾਂ ਵੰਡ ਦੇਵੋ ਦੂਜਿਆਂ ਨੂੰ ਵੀ
ਭਲਾ ਵੰਡਿਆਂ ਕਦੋਂ ਘਟਦਾ ਹੈ ਜੋ ਹੋਵੇ ਹੁਨਰ ਕੋਈ

ਹਮੇਸ਼ਾ ਵਰਕਿਆਂ ਦੀ ਗੋਦ ਵਿਚ ਨੇ ਖੇਡਦੇ ਰਹਿੰਦੇ
ਕਿ ਸ਼ਬਦਾਂ ਤੋਂ ਬਿਨਾ ਏਥੇ ਨਾ ਹੁੰਦਾ ਹੈ ਅਮਰ ਕੋਈ

ਜ਼ਮੀਨਾਂ ਵਾਲਿਓ ਮਹਿਲਾਂ ਦੇ ਉੱਪਰ ਮਾਣ ਕਿਉਂ ਕਰਦੇ
ਕਿ ਤੁਰ ਜਾਣਾ ਕਦੋਂ ਏਥੋਂ ਕਿਸੇ ਨੂੰ ਨਾ ਖ਼ਬਰ ਕੋਈ

•



## ਗ਼ਜ਼ਲ

ਕਦੇ ਵੀ ਨ੍ਹੇਰਿਆਂ ਦੀ ਬਾਦਸ਼ਾਹਤ ਤੋਂ ਨਹੀਂ ਡਰਦਾ
ਮਿਲੇਗੀ ਜਿੱਤ ਮੈਨੂੰ ਮੈਂ ਮੁਸੀਬਤ ਤੋਂ ਨਹੀਂ ਡਰਦਾ

ਉਹ ਲੋਕੀ ਹੋਰ ਹੁੰਦੇ ਨੇ ਜਿਹੜੇ ਇਹਦੇ ਤੋਂ ਡਰ ਜਾਂਦੇ
ਹੋਵੇ ਚੰਗੀ, ਬੁਰੀ ਮੈਂ ਏਸ ਕਿਸਮਤ ਤੋਂ ਨਹੀਂ ਡਰਦਾ

ਵਤਨ ਦੇ ਵਾਸਤੇ ਯਾਰੋ ਇਹ ਮੇਰੀ ਜਾਨ ਹਾਜ਼ਰ ਹੈ
ਰਹਾਂ ਤੇਗਾਂ ਦੀ ਛਾਵੇਂ ਮੈਂ ਸ਼ਹਾਦਤ ਤੋਂ ਨਹੀਂ ਡਰਦਾ

ਕਦੇ ਵੀ ਜ਼ੁਲਮ ਦੇ ਅੱਗੇ ਨਹੀਂ ਝੁਕਿਆ ਮੇਰੇ ਵਿਚਲਾ
ਮੇਰਾ ਮਨ ਜ਼ੁਲਮ ਦੇ ਅੱਗੇ ਬਗਾਵਤ ਤੋਂ ਨਹੀਂ ਡਰਦਾ

ਤੁਸੀਂ ਵੀ ਦੇਖਿਓ ਹੁਣ ਪਾਜ ਖੋਲਾਂਗਾ ਮਸੀਹੇ ਦੇ
ਮੈਂ ਸੱਚ ਖਾਤਰ ਕਦੇ ਐਸੀ ਹਿਮਾਕਤ ਤੋਂ ਨਹੀਂ ਡਰਦਾ

ਮੇਰਾ ਜੀ ਹੁਣ ਵੀ ਕਰਦਾ ਦੌੜ ਕੇ ਫੁਲ ਤੋਂ ਫੜਾਂ ਤਿਤਲੀ
ਮੇਰੇ ਅੰਦਰਲਾ ਬੱਚਾ ਕਿਉਂ ਸ਼ਰਾਰਤ ਤੋਂ ਨਹੀਂ ਡਰਦਾ

ਕੀ ਹਾਸਲ ਜਿੱਤ ਐਸੀ ਤੋਂ, ਜਿਸ ਚ ਮਾਂ ਰੋਵੇ ਉਮਰ ਸਾਰੀ
ਮਰਨ ਉਹ ਦੇਵ ਕਾਇਰ, ਮੈਂ ਬਗ਼ਾਵਤ ਤੋਂ ਨਹੀਂ ਡਰਦਾ

•

## ਗ਼ਜ਼ਲ

ਜਦੋਂ ਵੀ ਸੋਚਿਆ ਕਿ ਫੁੱਲ ਤੋਂ ਖ਼ੁਸ਼ਬੂ ਮਿਲੇ ਮੈਨੂੰ
ਇਸੇ ਇੱਛਾ ਦੇ ਬਦਲੇ ਲਰਜ਼ਦੇ ਹੰਝੂ ਮਿਲੇ ਮੈਨੂੰ

ਜਿਨ੍ਹਾਂ ਕੋਲੋਂ ਸਚਾਈ ਦਾ ਕੋਈ ਕਣ ਲੱਭ ਸਕਦਾ ਸੀ
ਉਹੀ ਖ਼ਲਕਤ ਤੋਂ ਪੈਸੇ ਲੁੱਟਦੇ ਸਾਧੂ ਮਿਲੇ ਮੈਨੂੰ

ਸਦਾ ਜੋ ਆਖਦਾ ਸੀ ਉਸ ਨੇ ਨਾ ਕੋਈ ਕਤਲ ਕੀਤਾ
ਉਹਦੇ ਘਰ ਚੋਂ ਲਹੂ ਰੰਗੇ ਕਈ ਚਾਕੂ ਮਿਲੇ ਮੈਨੂੰ

ਇਹ ਕੈਸਾ ਸ਼ਹਿਰ ਹੈ ਮੌਲਾ ਕਿ ਏਸੇ ਸ਼ਹਿਰ ਦੇ ਅੰਦਰ
ਇਕੱਠੇ ਖਾਲਸੇ ਮੁਸਲਮ ਅਤੇ ਹਿੰਦੂ ਮਿਲੇ ਮੈਨੂੰ

ਸਿਤਾਰੇ, ਚੰਦ, ਸੂਰਜ ਸਭ ਹੀ ਧੋਖਾ ਦੇਣ ਬਾਰਸ਼ ਵਿਚ,
ਤੇ ਇਸ ਰੁੱਤੇ ਨਿਭਾਉਂਦੇ ਫਰਜ਼ ਕੁਝ ਜੁਗਨੂੰ ਮਿਲੇ ਮੈਨੂੰ

ਜਿਨ੍ਹਾਂ ਯਾਰਾਂ ਨੂੰ ਅੱਜ ਤਕ ਤਿਤਲੀਆਂ ਹੀ ਸਮਝਦਾ ਸੀ ਮੈਂ
ਉਹੀ ਸਾਰੇ ਤਾਂ ਬਣ ਕੇ ਵਿਸ਼-ਭਰੇ ਬਿੱਛੂ ਮਿਲੇ ਮੈਨੂੰ

ਬਣੇ ਘਰ ਰੱਬ ਦੇ ਨੇ ਬਸ ਤਜਾਰਤ ਦੇ ਹੀ ਅੱਡੇ ਹੁਣ,
ਵਿਖਾ ਰੱਬਾ ਕੋਈ ਥਾਂ ਐਸੀ ਜਿੱਥੇ ਤੂੰ ਮਿਲੇ ਮੈਨੂੰ

ਵਿਖਾਵਾਂ ਹੱਥ ਕਿਉਂ ਪੰਡਤ ਨੂੰ ਕਰਮਾਂ ਵਿਚ ਪਤਾ ਕੀ ਹੈ,
ਉਮਰ ਭਰ ਗਰਦਸ਼ਾਂ ਵਿਚ ਦੇਵ ਬਸ ਰਾਹੂ ਮਿਲੇ ਮੈਨੂੰ

•



## ਗ਼ਜ਼ਲ

ਨ੍ਹੇਰਿਆਂ ਦੀ ਲੀਕ ਨੂੰ ਹੀ ਰੌਸ਼ਨੀ ਸਮਝੀ ਗਿਆ
ਨਬਜ਼ ਚੱਲਣ ਨੂੰ ਮਹਿਜ਼ ਮੈਂ ਜ਼ਿੰਦਗੀ ਸਮਝੀ ਗਿਆ

ਮੁਸ਼ਕਲਾਂ ਦੇ ਵਕਤ ਜਿਹੜਾ ਨਾਲ ਨਾ ਖੜ੍ਹਿਆ ਕਦੇ
ਮਤਲਬੀ ਰਿਸ਼ਤੇ ਨੂੰ ਹੀ ਮੈਂ ਦੋਸਤੀ ਸਮਝੀ ਗਿਆ

ਵਾਂਗ ਪਸ਼ੂਆਂ ਦੇ ਅਸੀਂ ਲੜਦੇ ਰਹੇ, ਲੜਦੇ ਰਹੇ
ਫਿਰ ਵੀ ਅਪਣੇ ਆਪ ਨੂੰ ਮੈਂ ਆਦਮੀ ਸਮਝੀ ਗਿਆ

ਇਹ ਤਾਂ ਮੇਰੀ ਸੀ ਸ਼ਰਾਫ਼ਤ ਕਿ ਰਿਹਾ ਖਾਮੋਸ਼ ਮੈਂ
ਪਰ ਉਹ ਏਸੇ ਨੂੰ ਹੀ ਮੇਰੀ ਬੁਜ਼ਦਿਲੀ ਸਮਝੀ ਗਿਆ

ਮੈਂ ਤਾਂ ਅਪਣੀ ਉਮਰ ਸਾਰੀ ਇਸ ਭੁਲੇਖੇ ਕੱਢ ਲਈ
ਦੂਰ ਤੋਂ ਸਹਿਰਾ ਨੂੰ ਹੀ ਵਗਦੀ ਨਦੀ ਸਮਝੀ ਗਿਆ

ਉਹ ਜੇ ਦਿਨ ਨੂੰ ਰਾਤ ਆਖੇ, ਕਹਿ ਦਿਆਂ ਫਿਰ ਮੈਂ ਵੀ ਰਾਤ
ਏਸ ਨੂੰ ਹੀ ਉਹ ਮੇਰੀ ਦੀਵਾਨਗੀ ਸਮਝੀ ਗਿਆ

ਆਪਣੀ ਮੈਂ ਨੂੰ ਕਦੇ ਵੀ ਮਾਰਿਆ ਨਾ ਦੇਵ ਤੂੰ
ਸਿਰਫ਼ ਸਿਜਦੇ ਕਰਨ ਨੂੰ ਹੀ ਬੰਦਗੀ ਸਮਝੀ ਗਿਆ

•

## ਗ਼ਜ਼ਲ

ਉਹ ਨਫ਼ਰਤ ਨਾਲ ਆਇਆ ਜਾਂ ਮੁਹੱਬਤ ਨਾਲ ਆਇਆ ਹੈ
ਪਤਾ ਨਹੀਂ ਏਸ ਦਾ ਲੇਕਿਨ ਉਹ ਫੁਰਸਤ ਨਾਲ ਆਇਆ ਹੈ

ਖੁਦਾਰਾ ਹੁਣ ਕਦੇ ਵੀ ਤੂੰ ਮੇਰੇ ਤੋਂ ਦੂਰ ਨਾ ਜਾਵੀਂ
ਕਿ ਮੇਰਾ ਦਿਲ ਤੇਰੇ ਤੇ ਬਹੁਤ ਹਸਰਤ ਨਾਲ ਆਇਆ ਹੈ

ਇਹ ਓਹੀ ਹੈ ਪੁਰਾਣਾ ਯਾਰ ਜਾਂ ਫਿਰ ਹੋਰ ਹੈ ਕੋਈ
ਪਤਾ ਨਹੀਂ ਐਤਕੀਂ ਵੱਖਰੀ ਸ਼ਨਾਖ਼ਤ ਨਾਲ ਆਇਆ ਹੈ

ਅਚਾਨਕ ਦਿਸ ਪਿਆ ਅੰਬਰ 'ਚ ਜੋ ਸੂਰਜ ਉਮੀਦਾਂ ਦਾ
ਖਰੇ ਸਾਡੇ 'ਚੋਂ ਕਿਸ ਕਿਸ ਦੀ ਇਬਾਦਤ ਨਾਲ ਆਇਆ ਹੈ

ਤੁਸੀਂ ਸਮਝੋ ਨਾ ਇਸ ਨੂੰ ਸਿਰਫ਼ ਇਕ ਦੁਰਬਲ ਜਿਹਾ ਜੁਗਨੂੰ
ਹਨੇਰੇ ਦੇ ਇਲਾਕੇ ਵਿਚ ਇਹ ਹਿੰਮਤ ਨਾਲ ਆਇਆ ਹੈ

ਤੂੰ ਸਾਂਝਾਂ ਪਾਉਣ ਤੋਂ ਪਹਿਲਾਂ ਕਰੀਂ ਪਹਿਚਾਣ ਸਭ ਦੀ ਦੇਵ
ਕੀ ਜਾਣੇ ਕੌਣ ਏਥੇ ਕਿਹੜੀ ਨੀਅਤ ਨਾਲ ਆਇਆ ਹੈ

•



## ਗ਼ਜ਼ਲ

ਆਉਣ ਦੇ ਆਉਂਦੀ ਜੋ ਮੁਸ਼ਕਿਲ ਦਿਲ 'ਚ ਰੱਖੀਂ ਹੌਸਲਾ
ਲੱਭ ਪਊ ਬੇੜੀ ਨੂੰ ਸਾਹਿਲ ਦਿਲ 'ਚ ਰੱਖੀਂ ਹੌਸਲਾ

ਪਾਣੀਆਂ ਨੇ ਆਪ ਹੀ ਰਸਤਾ ਦਿਖਾ ਦੇਣਾ ਅਸਾਨ
ਘੁੱਟ ਕੇ ਫੜ ਪਤਵਾਰ ਗਾਫ਼ਿਲ ਦਿਲ 'ਚ ਰੱਖੀਂ ਹੌਸਲਾ

ਵਕਤ ਨੇ ਆਪੇ ਹੀ ਕਰ ਦੇਣੇ ਨੇ ਸਾਰੇ ਫੈਸਲੇ
ਜੇ ਕੋਈ ਮਿਲਿਆ ਨਾ ਆਦਿਲ ਦਿਲ 'ਚ ਰੱਖੀਂ ਹੌਸਲਾ

ਰੱਬ ਕਰਦਾ ਮਦਦ ਉਸਦੀ ਰੱਖਦਾ ਜੋ ਹੌਂਸਲੇ
ਤੂੰ ਬਣੀ ਨਾ ਦੇਵ ਬੁਜ਼ਦਿਲ ਦਿਲ 'ਚ ਰੱਖੀਂ ਹੌਸਲਾ

ਸੱਚਿਆਂ ਦਾ ਕਾਫ਼ਲਾ ਤਾਂ ਦੂਰ ਕਿਧਰੇ ਤੁਰ ਗਿਐ
ਕੋਲ ਬੈਠੇ ਨੇ ਜੋ ਬਾਤਿਲ ਦਿਲ 'ਚ ਰੱਖੀਂ ਹੌਸਲਾ

ਮੂਰਖਾਂ ਦੇ ਨਾਲ ਸਾਰੀ ਉਮਰ ਹੀ ਤੂੰ ਉਲਝਿਐਂ
ਮਿਲਣਗੇ ਤੈਨੂੰ ਵੀ ਫ਼ਾਜਲਿ ਦਿਲ 'ਚ ਰੱਖੀਂ ਹੌਸਲਾ

ਇਹ ਗ਼ਜ਼ਲ ਤਾਂ ਅੰਤ ਨੂੰ ਹੋਈ ਤੇਰੇ ਕਾਬਿਲ ਐ ਦੇਵ
ਤੂੰ ਵੀ ਹੋਣਾ ਇਸ ਦੇ ਕਾਬਿਲ ਦਿਲ 'ਚ ਰੱਖੀਂ ਹੌਸਲਾ

•

## .ਗ਼ਜ਼ਲ

ਕਿੰਝ ਲੋਕੋ ਕਹਿ ਦਿਆਂ ਕੇ ਪਿਆਰ ਵਿਚ ਧੋਖਾ ਨਹੀਂ
ਓਸਦਾ ਤਾਂ ਹੈ ਪਤਾ, ਅਪਣਾ ਪਤਾ ਯਾਰਾ ਨਹੀਂ

ਜੇ ਖ਼ਤਾ ਕਿਸਮਤ ਦੀ ਹੈ, ਦੱਸੋ ਤਾਂ ਕੋਈ ਕੀ ਕਰੇ
ਹਰ ਇਕ ਨੂੰ ਕਾਸਾ ਵਫ਼ਾ ਦਾ ਪਿਆਰ ਵਿਚ ਮਿਲਦਾ ਨਹੀਂ

ਉਮਰ ਭਰ ਜਿਤਣ ਦੀ ਥਾਂ ਮੈਂ ਹਾਰਦਾ ਪਲ ਪਲ ਰਿਹਾ
ਹੱਕ ਵਿਚ ਮੇਰੇ ਕਦੀ ਤੂੰ ਫ਼ੈਸਲਾ ਦਿੱਤਾ ਨਹੀਂ

ਜ਼ਖ਼ਮ ਕੁਛ ਰਹਿਣੇ ਹਰੇ ਜੀਵਨ ਚ ਹਸ਼ਰਾਂ ਤੀਕ ਹੁਣ
ਹੁਣ ਅਸਰ ਕੀਤਾ ਦੁਆ ਨੇ ਜੋ ਦਵਾ ਕੀਤਾ ਨਹੀਂ

ਦੇਵ ਘਰ ਮੇਰੇ ਨੇ ਜਲ ਕੇ ਰਾਖ ਤਾਂ ਹੋਣਾ ਹੀ ਸੀ
ਘਰ ਕਦੇ ਵੀ ਰਾਖ ਦਾ ਐਪਰ ਕਦੇ ਬਣਦਾ ਨਹੀਂ

ਜ਼ਿੰਦਗੀ ਜੇਕਰ ਨਹੀਂ ਤਾਂ ਮੌਤ ਹੀ ਬਖਸੀਂ ਖੁਦਾ
ਦੇਵ ਦੀ ਫ਼ਰਿਆਦ ਵਿਚ ਤਾਕਤ ਤਾਂ ਹੁਣ ਰੱਬਾ ਨਹੀਂ

•



## .ਗ਼ਜ਼ਲ

ਤੁਰ ਪਿਆ ਕਿਰਸਾਨ ਅੱਜਕੱਲ੍ਹ, ਹੱਕ ਮਨਾਉਣੇ ਦੇ ਲਈ
ਹੱਥ ’ਚ ਝੰਡਾ ਹੈ ਦਿਲਾਂ ਉੱਤੇ ਝੁਲਾਉਣੇ ਦੇ ਲਈ

ਜਿੱਤ ਦਾ ਪਰਚਮ ਕਦੇ, ਝੁਕਣਾ ਨਹੀਂ ਪੰਜਾਬ ਵਿਚ
ਯਤਨ ਭਾਵੇਂ ਸੌ ਕਰੇ, ਹਾਕਮ ਝੁਕਾਉਣੇ ਦੇ ਲਈ

ਅੱਤਵਾਦੀ ਵੱਖਵਾਦੀ, ਕਹਿ ਕੇ ਹਾਕਮ ਚੀਕਦਾ
ਸਿਰਫ਼ ਕਿਰਸਾਨਾਂ ਨੂੰ ਖਲਨਾਇਕ ਦਿਖਾਉਣੇ ਦੇ ਲਈ

ਧਰਮ ਉੱਤੇ ਰੰਗ ਉੱਤੇ ਜ਼ਾਤ ਉੱਤੇ ਵੰਡਦੈ
ਕੀ ਨਹੀਂ ਕਰਦਾ ਉਹ ਲੋਕਾਂ ਨੂੰ ਡਰਾਉਣੇ ਦੇ ਲਈ

ਇਹ ਸਿਆਸਤ ਦੇਸ਼ ਦੀ, ਹੈ ਗੰਧਲ਼ੀ ਯਾਰੋ ਬੜੀ
ਆ ਗਿਆ ਹੈ ਵਕਤ ਹੁਣ, ਇਸ ਨੂੰ ਹਟਾਉਣੇ ਦੇ ਲਈ

ਹੁਣ ਹੈ ਭਾਰਤਵਾਸੀਆਂ ਨੂੰ ਜਾਗ ਆਈਂ ਨੀਂਦ ਚੋਂ
ਲੋਕ ਕੱਠੇ ਹੋ ਰਹੇ ਝਗੜੇ ਮਿਟਾਉਣੇ ਦੇ ਲਈ

ਨੌਜਵਾਨਾਂ ਨੇ ਸਿਰਾਂ ਉੱਤੇ ਸਜਾਏ ਨੇ ਕਫ਼ਨ
ਹੁਣ ਲਹੂ ਹੈ ਉੱਬਲਿਆ, ਖੇਤੀ ਬਚਾਉਣੇ ਦੇ ਲਈ

•

## ਗ਼ਜ਼ਲ

ਦੇਖ ਕੇ ਹਰ ਚੋਜ਼ ਉਸ ਦਾ ਮੁਸਕਰਾ ਤੂੰ ਦੇਵ ਹੁਣ
ਵਕਤ ਮਾੜੇ ਤੋਂ ਵੀ ਬਚ ਕੇ ਲੰਘ ਜਾ ਤੂੰ ਦੇਵ ਹੁਣ

ਤੂੰ ਜੋ ਡੂੰਘੇ ਪਾਣੀਆਂ ਵਿਚ ਕਰ ਕੇ ਹਿੰਮਤ ਲਾਹ ਲਈ
ਸਾਜ਼ਸ਼ੀ ਲਹਿਰਾਂ ਤੋਂ, ਇਹ ਬੇੜੀ ਬਚਾ ਤੂੰ ਦੇਵ ਹੁਣ

ਜੇ ਮਿਟਾਉਣੀ ਨ੍ਹੇਰਿਆਂ ਦੀ ਲੀਕ ਤੂੰ ਜੀਵਨ ਚੋਂ ਤਾਂ
ਹੌਸਲੇ ਦੇ ਦੀਵਿਆਂ ਨੂੰ ਖ਼ੁਦ ਜਗਾ ਤੂੰ ਦੇਵ ਹੁਣ

ਕੌਲ ਉਲਫ਼ਤ ਦੇ ਭੁਲਾਵੀਂ, ਯਾਰ ਨਾ ਤੂੰ ਉਮਰ ਭਰ
ਗੀਤ ਪ੍ਰੀਤਾਂ ਦੇ ਸਦਾ ਹੀ, ਗੁਣਗੁਣਾ ਤੂੰ ਦੇਵ ਹੁਣ

ਇਸ਼ਕ ਦਾ ਉਹ ਜ਼ਖ਼ਮ ਹੁਣ ਨਾਸੂਰ ਬਣ ਕੇ ਰਹਿ ਗਿਆ
ਇਹ ਵੀ ਤੋਹਫ਼ਾ ਯਾਰ ਦਾ ਦਿਲ ਨੂੰ ਲਗਾ ਤੂੰ ਦੇਵ ਹੁਣ

ਸੜ ਰਹੇ ਮਾਰੂਥਲਾਂ ਵਿਚ ਰਹਿਮਤਾਂ ਦਾ ਮੀਂਹ ਵਰ੍ਹਾ
ਰੇਤ ਦੀ ਛਾਤੀ ਤੇ ਇਕ ਦਰਿਆ ਵਗਾ ਤੂੰ ਦੇਵ ਹੁਣ

ਨਫ਼ਰਤਾਂ ਦਾ ਦੌਰ ਹੈ, ਸ਼ਹਿਰ ਇਸ ਵਿਚ ਫੈਲਿਆ
ਇਕ ਗ਼ਜ਼ਲ ਉਲਫਤ ਭਰੀ ਅਪਣੀ ਸੁਣਾ ਤੂੰ ਦੇਵ ਹੁਣ

•



## ਗ਼ਜ਼ਲ

ਸਿੰਜਿਆਂ ਜੋ ਬਿਰਖ ਉਹ ਪਾਲਣ ਤੇ ਮੌਲਣ ਦੇ ਲਈ
ਕੱਟਕੇ ਓਹ ਲੈ ਗਿਆ ਹੈ, ਚੁੱਲ੍ਹੇ 'ਚ ਬਾਲਣ ਦੇ ਲਈ

ਬਾਗ਼ ਵਿਚ ਫ਼ੁੱਲਾਂ ਨੂੰ ਵੇਖਣ ਰੋਜ਼ ਹੀ ਅਇਆ ਕਰੇ
ਪਰ ਬਹਾਨਾ ਸੀ ਉਦ੍ਹਾ ਮਾਲਣ ਨੂੰ ਤੱਕਣ ਦੇ ਲਈ

ਆਉਂਦੀਆਂ ਨੇ ਯਾਰ ਕੂਜਾਂ, ਜਦ ਬਦਲਦੀ ਰੁੱਤ ਹੈ
ਆਉਂਦੀਆਂ ਨੇ ਆਪਣੇ ਬੋਟਾਂ ਨੂੰ ਪਾਲਣ ਦੇ ਲਈ

ਪੁੱਛਿਆ ਦਰਿਆ ਨੇ ਕਿਉਂ ਤੂੰ ਪਰਤਦੈਂ ਹੈਂ ਹਰ ਵਰ੍ਹੇ
ਆਖਿਆ ਪਿਉ ਨੇ ਕਿ ਅਪਣੀ ਧੀ ਨੂੰ ਭਾਲਣ ਦੇ ਲਈ

ਭਰਨ ਦੇ ਜ਼ਖ਼ਮਾਂ ਨੂੰ ਮੇਰੇ, ਨਾ ਛਿੜਕ ਤੂੰ ਲੂਣ ਹੁਣ
ਘੱਟ ਕੀਤੀ, ਕੀ ਭਲਾ, ਤੂੰ ਜ਼ਖ਼ਮ ਗਾਲਣ ਦੇ ਲਈ

ਤੂੰ ਕਰੇਂ ਇਨਕਾਰ ਤਾਂ ਮੈਂ ਛੱਡ ਜਾਉਂ ਆਪ ਹੀ
ਨਾ ਬਣਾ ਐਵੇਂ ਬਹਾਨੇ ਮੈਨੂੰ ਟਾਲਣ ਦੇ ਲਈ

ਉਹ ਉਦੈ ਹੁੰਦੈ ਅਸਤ ਹੁੰਦੈ ਤਾਂ ਹੀ ਵਾਰ ਵਾਰ
ਸਫ਼ਰ ਵਿਚ ਸੂਰਜ ਹੈ ਬਸ ਮਿਲਣੇ ਨੂੰ ਆਥਣ ਦੇ ਲਈ

ਸ਼ਿਸਤ ਲਾ ਕੇ ਓਸਦਾ ਜਾਨੀ, ਕਿਸੇ ਨੇ ਫੜ ਲਿਐ
ਲਾ ਰਿਹੈ ਚੱਕਰ ਤਦੇ, ਸਾਥੀ ਨੂੰ ਭਾਲਣ ਦੇ ਲਈ

ਔਗਣਾਂ ਦੇ ਨਾਲ ਨੱਕੋ ਨੱਕ ਭਰਿਆ ਦੇਵ ਹੈ
ਹੁਣ ਤਾਂ ਇਨਕਾਰੀ ਹੈ ਦਰਪਣ, ਸ਼ਕਲ ਤੱਕਣ ਦੇ ਲਈ

ਦੇਵ ਜੋ ਪੜ੍ਹਦੇ ਰਹੇ ਨੇ ਮੇਰਾ ਮਰਸੀਆ ਉਮਰ ਭਰ
ਦੀਪ ਲੈ ਆਏ ਮੜ੍ਹੀ ਤੇ ਹੁਣ ਉਹ ਬਾਲਣ ਦੇ ਲਈ

•



## ਗ਼ਜ਼ਲ

ਅਜੇ ਰਹਿੰਦੀ ਹੈ ਮੇਰੀ ਸਿਰਜਣੀ ਸੋਹਣੀ ਗ਼ਜ਼ਲ ਬਾਕੀ
ਮੈਂ ਹਾਲੇ ਦੇਖਣੀ ਹੈ ਖ਼ੂਬਸੂਰਤ ਇੱਕ ਸ਼ਕਲ ਬਾਕੀ

ਤੂੰ ਹਾਲੇ ਦੇਖਣਾ ਹੈ ਬਹੁਤ ਕੁਝ ਜਦ ਮੈਂ ਚਲੇ ਜਾਣਾ
ਤੂੰ ਵੱਢੀਂ ਮੇਰੀਆਂ ਯਾਦਾਂ ਦੀ ਉੱਗੀ ਜੋ ਫਸਲ ਬਾਕੀ

ਮੇਰੀ ਆਵਾਜ਼ ਦੇ ਚੁੱਪ ਚਾਪ ਮਨਫੀ ਹੋਣ ਤੋਂ ਮਗਰੋਂ
ਖਲਾਅ ਦੇ ਵਿੱਚ ਰਹਿ ਜਾਣਾ ਹੈ ਇਕ ਕੋਝਾ ਖਲਲ ਬਾਕੀ

ਅਜੇ ਤਾਂ ਸਿਰਫ਼ ਕਰਜ਼ਾ ਮੋੜਿਆ ਹੈ ਇਸ਼ਕ ਮੇਰੇ ਦਾ
ਅਜੇ ਤਾਂ ਦੋਸਤਾ ਉਲਫਤ ਦਾ ਤੇਰੇ ਵੱਲ ਅਸਲ ਬਾਕੀ

ਤੇਰੇ ਕਦਮਾਂ 'ਚ ਰੱਖ ਦਿੱਤਾ ਹੈ ਮੈਂ ਸਿਰ ਆਪਣਾ ਆ ਕੇ
ਤੇਰੇ ਵੱਲੋਂ ਹੀ ਕਰਨਾ ਰਹਿ ਗਿਆ ਮੇਰਾ ਕਤਲ ਬਾਕੀ

ਵਤਨ ਦੇ ਹਾਕਮਾਂ ਨੇ ਮਾਰਿਆ ਸੀ ਲੱਭ ਕੇ ਸਾਨੂੰ
ਤੇ ਸਾਡੀ ਮੌਲ਼ਦੀ ਰਹਿੰਦੀ ਹੈ ਕਿਤਿਉਂ ਫਿਰ ਨਸਲ ਬਾਕੀ

ਅਸੀਂ ਤੈਨੂੰ ਹੈ ਕੀਤਾ ਬਰਤਰਫ਼ ਹੁਣ ਜ਼ਿੰਦਗੀ ਵਿੱਚੋਂ
ਮਗਰ ਰਹਿੰਦਾ ਹੈ ਸਾਡੇ ਦਿਲ 'ਚੋਂ ਕਰਨਾ ਬੇਦਖ਼ਲ ਬਾਕੀ

•

## ਗ਼ਜ਼ਲ

ਉਦਾਸੇ ਗੀਤ ਗਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ
ਸਮਾਂ ਮਾੜਾ ਭੁਲਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

ਹਵਾ ਦੀਵੇ ਬੁਝਾਉਣੇ ਦੀ ਕਰੇ, ਕਿੰਨੀ ਵੀ ਕੋਸਸ਼ਿ ਪਰ
ਬੁਝੇ ਦੀਵੇ ਜਗਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

ਤੂੰ ਮੇਰੀ ਏਸ ਖਾਮੋਸ਼ੀ ਨੂੰ ਸ਼ਾਇਦ ਸਮਝਿਆ ਹੀ ਨਹੀਂ
ਦਿਲਾਂ ਦੇ ਗ਼ਮ ਲੁਕਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

ਭਲਾ ਕਿਉਂ ਆਪਣੇ ਹੱਥਾਂ ਦੀਆਂ ਲੀਕਾਂ ਦੇ ਵਲ ਦੇਖਾਂ
ਨਸੀਬਾ ਖ਼ੁਦ ਬਣਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

ਸਿਪਾਹੀ ਤਾਂ ਨਹੀਂ ਹਾਂ ਪਰ, ਮੇਰਾ ਜਜ਼ਬਾ ਹੈ ਅਪਣੇ ਥਾਂ
ਵਤਨ ਲਈ ਸਿਰ ਕਟਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

ਤੁਹਾਡੇ ਨਾਲ ਹਾਂ ਇਸ ਜੰਗ ਅੰਦਰ ਮੈਂ ਹਮੇਸ਼ਾ ਹੀ
ਕਿ ਵੈਰੀ ਨੂੰ ਝੁਕਾਉਣੇ ਦਾ, ਹੁਨਰ ਮੈਨੂੰ ਵੀ ਆਉਂਦਾ ਹੈ

•



## ਗ਼ਜ਼ਲ

ਕਰ ਲਵਾਂਗਾ ਮੈਂ ਜਮਾ ਦੌਲਤ ਤੇ ਜਰ, ਤਾਂ ਉਸ ਤੋਂ ਪਿੱਛੋਂ ਕੀ
ਲੈ ਲਵਾਂਗਾ ਜੇ ਕੋਈ ਮੁੱਲਵਾਨ ਘਰ, ਤਾਂ ਉਸ ਤੋਂ ਪਿੱਛੋਂ ਕੀ

ਮੇਰੇ ਅੰਦਰਲਾ ਸ਼ਰਾਬੀ ਕਰ ਲਵੇਗਾ ਔਖਿਆਂ ਹੋ ਕੇ
ਬੋਤਲਾਂ ਤੋਂ ਬੋਤਲਾਂ ਤਕ ਦਾ ਸਫ਼ਰ, ਤਾਂ ਉਸ ਤੋਂ ਪਿੱਛੋਂ ਕੀ

ਮਿਲ ਗਿਆ ਸੁਖ ਚੈਨ ਮੈਨੂੰ ਉਮਰ ਭਰ ਦਾ ਦੋਸਤੋ ਜੇਕਰ
ਕਰ ਲਈ ਜੇ ਜ਼ਿੰਦਗੀ ਏਦਾਂ ਬਸਰ, ਤਾਂ ਉਸ ਤੋਂ ਪਿੱਛੋਂ ਕੀ

ਹੈ ਤਮੰਨਾ ਨਾਮ ਮੇਰਾ ਪਹੁੰਚ ਜਾਵੇ ਅੰਬਰਾਂ ਤੀਕਰ
ਜੇ ਹਵਾਵਾਂ ਵਿਚ ਹੋਇਆ ਨਾਂ ਨਸ਼ਰ, ਤਾਂ ਉਸ ਤੋਂ ਪਿੱਛੋਂ ਕੀ

ਗਾਹ ਰਿਹਾ ਹਾਂ ਏਸ ਦੁਨੀਆਂ ਨੂੰ ਕਿਨਾਰੇ ਤੋਂ ਕਿਨਾਰੇ ਤਕ
ਜਦ ਮੁੜਾਂਗਾ ਮੈਂ ਕਦੇ ਅਪਣੇ ਨਗਰ, ਤਾਂ ਉਸ ਤੋਂ ਪਿੱਛੋਂ ਕੀ

ਰਾਤ ਦਿਨ ਜੀ ਜਾਨ ਲਾ ਕੇ ਜੇਸ ਨੂੰ ਮਾਲੀ ਰਹੇ ਸਿੰਜਦਾ
ਜੇ ਨਾ ਉਸ ਧਰਤੀ ਚੋਂ ਹੀ ਮੌਲ਼ੇ ਸ਼ਜਰ, ਤਾਂ ਉਸ ਤੋਂ ਪਿੱਛੋਂ ਕੀ

•

## .ਗ਼ਜ਼ਲ

ਤੈਨੂੰ ਉਡੀਕਦਾ ਮੈਂ ਰੋਹੀ ’ਚ ਸੁੱਕਿਆ ਰੁੱਖ
ਆਪਣੇ ਬਿਮਾਰ ਤੋਂ ਹੁਣ ਨਾ ਮੋੜ ਆਪਣਾ ਮੁੱਖ

ਰਸਤੇ ਤੇਰੇ ’ਚ ਬਲਦਾ ਮੇਰੀ ਵਫ਼ਾ ਦਾ ਦੀਵਾ
ਭਾਵੇਂ ਬੁਝਾ ਦੇ ਇਸ ਨੂੰ ਪਰ ਫ਼ੇਰ ਇੰਝ ਨਾ ਮੁੱਖ

ਤੈਨੂੰ ਕਸਮ ਹੈ ਖੋਰੀਂ ਨਾ ਇਸ਼ਕ ਦਾ ਕਿਨਾਰਾ
ਵੇਖੀਂ ਇਹ ਹੜ੍ਹ ਨਾ ਜਾਵੇ ਮੇਰਾ ਮੁਹੱਬਤੀ ਰੁੱਖ

ਤੇਰੇ ਬਿਨਾਂ ਹੈ ਹੋਇਆ ਜੀਣਾ ਮੁਹਾਲ ਮੇਰਾ
ਝੂਠਾ ਸਹੀ, ਮਗਰ ਤੂੰ ਪੁੱਛਿਆ ਤਾਂ ਕਰ ਮੇਰਾ ਦੁੱਖ

ਇਕ ਵਾਰ ਕਰ ਇਸ਼ਾਰਾ, ਵੇਖੀਂ ਕਮਾਲ ਮੇਰਾ
ਅਪਣਾ ਬਣਾ ਲਵੇਂ ਤਾਂ ਬਦਲਾਂ ਨਸੀਬ ਦਾ ਰੁੱਖ

ਮੈਂ ਇੰਤਜ਼ਾਰ ਕਰਦਾਂ ਯਾਰਾ ਤੇਰਾ ਅਜ਼ਲ ਤੋਂ
ਤਰਸਾ ਨਾ ਜਿੰਦ ਮੇਰੀ, ਆ ਕੇ ਦਿਖਾ ਵੀ ਦੇ ਮੁੱਖ

ਮੈਨੂੰ ਰੁਆਉਣ ਵਾਲੇ ਰੋਵੇਂਗਾ ਉਮਰ ਭਰ ਤੂੰ
ਜੇ ਦੇਵ ਤੁਰ ਗਿਆ ਹੁਣ ਤੇਰੇ ਤੋਂ ਮੋੜ ਕੇ ਮੁੱਖ

•



## .ਗ਼ਜ਼ਲ

ਉਗਮਣ ਅਸਤਣ ਦੀ ਕਿਰਿਆ ਦਾ ਭੋਗਣਹਾਰਾ ਬਣ ਜਾਨਾ
ਤੇਰੇ ਤੱਕਣ ਲਈ ਯਾਰਾ ਮੈਂ, ਰਾਤੀਂ ਤਾਰਾ ਬਣ ਜਾਨਾ

ਤੇਰੀ ਖ਼ਾਤਰ ਹੀ ਚਸ਼ਮੇਂ ਨੂੰ, ਦਰਿਆ ਹੋਣਾ ਪੈਂਦਾ ਹੈ
ਤੇਰੀ ਖ਼ਾਤਰ ਹੀ ਮੈਂ ਅਪਣਾ, ਆਪ ਕਿਨਾਰਾ ਬਣ ਜਾਨਾ

ਤੇਰੀ ਖ਼ਾਤਰ ਮੇਰੇ ਅੱਖਰ ਗ਼ਜ਼ਲਾਂ ਦੇ ਵਿੱਚ ਵੱਟ ਜਾਂਦੇ
ਤੇਰੀ ਲਈ ਮੈਂ ਵਜਨ ਬਹਿਰ ਦਾ ਰੋਜ਼ ਖਿਲਾਰਾ ਬਣ ਜਾਨਾ

ਤਾਰੇ ਵਾਂਗਰ ਟੁੱਟਣਾ ਪੈਂਦਾ, ਮੈਨੂੰ ਜੁਗਨੂੰ ਹੋਣ ਲਈ
ਤੈਨੂ ਉਡ ਕੇ ਮਿਲਣ ਲਈ ਮੈਂ ਰੇਤ ਅਵਾਰਾ ਬਣ ਜਾਨਾ

ਤੇਰੀ ਖ਼ਾਤਰ ਯਾਰ ਕਦੇ ਮੈਂ, ਬੱਦਲ਼ ਬਾਰਿਸ਼ ਵੀ ਹੋਵਾਂ
ਤੇਰੀ ਖਾਤਰ ਹੀ ਨਦੀਓਂ ਮੈਂ ਸਾਗਰ ਖਾਰਾ ਬਣ ਜਾਨਾ

ਥੋਰਾਂ ਕੰਡੇ ਜਿਸ ਵਿੱਚ ਉੱਗੇ, ਓਸੇ ਉੱਜੜੇ ਬਾਗ ’ਚ ਮੈਂ
ਤੇਰੀ ਖ਼ਾਤਰ ਥੋਰਾਂ ਦਾ ਇੱਕ ਫੁੱਲ ਪਿਆਰਾ ਬਣ ਜਾਨਾ

ਗੌਤਮ ਬਣ ਕੇ ਸੀਤਲ ਹੋਣਾ ਮੈਂ ਚਾਹੁੰਦਾ ਹਾਂ ਅਜਲਾਂ ਤੋਂ
ਦੇਵ ਮੈਂ ਤੇਰੀ ਧੂਣੀ ਦਾ ਹੀ ਫਿਰ ਅੰਗਿਆਰਾ ਬਣ ਜਾਨਾ

•

## ਗ਼ਜ਼ਲ

ਮੈਂ ਰੋਇਆ ਉਮਰ ਭਰ ਸੱਜਣਾਂ ਤੇਰੇ ਇਨਕਾਰ ਤੋਂ ਮਗਰੋਂ
ਕਦੇ ਇਤਬਾਰ ਨਾ ਬੱਝਾ, ਖੁਸੇ ਇਤਬਾਰ ਤੋਂ ਮਗਰੋਂ

ਮੈਂ ਆਪਣੀ ਜਿੱਤ ਵੇਲੇ ਜਿੱਤਿਆ ਮਹਿਸੂਸ ਨਾ ਕੀਤਾ
ਮਗਰ ਮੈਂ ਹਰ ਗਿਆ ਇਕ ਦਮ ਹੀ ਤੇਰੀ ਹਾਰ ਤੋਂ ਮਗਰੋਂ

ਫਕਤ ਵਾਅਦੇ ਹੀ ਹੁੰਦੇ ਨੇ, ਬਦਲਦਾ ਕੁਝ ਨਹੀ ਹੁੰਦਾ
ਨਵੀਂ ਸਰਕਾਰ ਆ ਜਾਂਦੀ, ਗਈ ਸਰਕਾਰ ਤੋਂ ਮਗਰੋਂ

ਨਾ ਸਾਂਝੀਵਾਲਤਾ ਦਾ ਚਿੰਨ੍ਹ, ਨਾ ਭਾਈਚਾਰੇ ਦਾ ਸੰਦੇਸ਼
ਕੋਈ ਮੁੜ ਕੇ ਨਹੀਂ ਲੱਭਿਆ ਸੀ ਇੱਕ ਓਂਕਾਰ ਤੋਂ ਮਗਰੋਂ

ਇਹ ਸ਼ੁਹਰਤ ਸਿਰ ਤੇ ਚੜ੍ਹ ਕੇ ਬੋਲਦੀ ਹੈ ਫੇਰ ਲੋਕਾਂ ਦੇ
ਸਦਾ ਹੰਕਾਰ ਆ ਜਾਂਦਾ, ਮਿਲੇ ਸਤਿਕਾਰ ਤੋਂ ਮਗਰੋਂ

ਮੇਰੀ ਉਮਰਾ ਨੇ ਪਾਈਆਂ ਨੇ ਮੇਰੇ ਚਿਹਰੇ ਤੇ ਤਿਰਕਾਲ਼ਾਂ
ਜਮੀਂ ਬੰਜਰ ਹੈ ਹੋ ਚੱਲੀ ਖਿੜੇ ਗੁਲਜ਼ਾਰ ਤੋਂ ਮਗਰੋਂ

ਕਜ਼ਾ ਨੇ ਦੇ ਹੀ ਦੇਣਾ ਹੈ, ਜੋ ਲਿਖਿਆ ਹੈ ਮੁਕੱਦਰ ਵਿੱਚ
ਨਰਕ ਜਾਂ ਸੁਰਗ ਹੀ ਹੈ ਦੇਵ ਹੁਣ ਸੰਸਾਰ ਤੋਂ ਮਗਰੋਂ

•



## ਗ਼ਜ਼ਲ

ਰੁੱਸਿਆ ਫਿਰਦਾ ਹਵਾਵਾਂ ਦੇ ਚਲਨ ਤੋਂ ਫੇਰ ਅੱਜ
ਦੇਵ ਪੰਛੀ ਕਿਉਂ ਖਫਾ ਹੈ ਇਸ ਗਗਨ ਤੋਂ ਫੇਰ ਅੱਜ

ਜਦ ਹਵਾਵਾਂ ਰੁਮਕੀਆਂ ਤਾਂ ਮੈਂ ਸ਼ਰਾਬੀ ਹੋ ਗਿਆ
ਮਹਿਕ ਆਉਂਦੀ ਇਤਰ ਦੀ ਉਸ ਦੇ ਬਦਨ ਤੋਂ ਫੇਰ ਅੱਜ

ਸੱਚ ਦੀ ਮਜਲਸ ਦੇ ਅੰਦਰ ਇਹ ਕੀ ਭਾਣਾ ਵਰਤਿਐ
ਹੋ ਗਈ ਕਵਿਤਾ ਸ਼ੁਰੂ ਝੂਠੇ ਸੁਖਨ ਤੋਂ ਫੇਰ ਅੱਜ

ਏਸ ਪਰਵਾਨੇ ਦਾ ਇੱਜਤ ਮਾਣ ਸਾਰਾ ਖੁਸ ਗਿਐ
ਇਹ ਸ਼ੁਦਾਈ ਡਰ ਗਿਆ ਅੱਗ ਦੀ ਜਲਨ ਤੋਂ ਫੇਰ ਅੱਜ

ਸੋਚ ਬੰਦੇ ਦੀ ਅਜੇ ਵੀ ਉਸ ਜਗ੍ਹਾ ਤੇ ਹੈ ਖੜ੍ਹੀ
ਨਾ ਜੁਦਾ ਔਕਾਤ ਹੁੰਦੀ ਉਸ ਦੀ ਧਨ ਤੋਂ ਫੇਰ ਅੱਜ

ਉਸ ਦੇ ਅੰਦਰ ਭਰ ਗਈ ਨਫ਼ਰਤ ਕਿਉਂ ਕਲੀਆਂ ਵਾਸਤੇ
ਫ਼ਾਸਲਾ ਹੀ ਰੱਖਿਆ ਉਸ ਨੇ ਚਮਨ ਤੋਂ ਫੇਰ ਅੱਜ

•

## ਗ਼ਜ਼ਲ

ਇਵੇਂ ਮੇਰੇ ਕਤਲ ਦੇ ਦੋਸ਼ ਤੋਂ ਉਹ ਸੀ ਬਰੀ ਹੋਇਆ
ਉਦ੍ਹੀ ਕਾਤਲ ਨਜ਼ਰ ਨੂੰ ਜੱਜ ਨੇ ਹਥਿਆਰ ਨਾ ਮੰਨਿਆਂ

ਅਸੀਂ ਉਸ ਕੋਲ ਉਲਫ਼ਤ ਦੇ ਬੜੇ ਹੀ ਵਾਸਤੇ ਪਾਏ
ਉਨ੍ਹੇ ਪਰ ਉਮਰ ਭਰ ਇਸ ਗੱਲ ਨੂੰ ਇਜ਼ਹਾਰ ਨਾ ਮੰਨਿਆ

ਉਨ੍ਹੇ ਮੇਰੇ ਜ਼ਬਤ ਦੇ ਉਂਝ ਤਾਂ ਲੰਗਾਰ ਲਾਹ ਦਿੱਤੇ
ਮਗਰ ਆਪਣੀ ਅਦਾ ਨੂੰ ਉਸ ਨੇ ਤਲਵਾਰ ਨਾ ਮੰਨਿਆ

ਮੈਂ ਉਸ ਦੀ ਅੱਖ ਦੇ ਵਿੱਚੋਂ ਹੀ ਅਪਣਾ ਅਕਸ ਲੱਭਦਾ ਹਾਂ
ਜੀਹਨੇ ਮੈਨੂੰ ਅਜੇ ਤੱਕ ਆਪਣਾ ਦਿਲਦਾਰ ਨਾ ਮੰਨਿਆਂ

ਹਕੀਕਤ ਜ਼ਿੰਦਗੀ ਦੀ ਓਸ ਨੂੰ ਦੱਸਦਾ ਰਿਹਾਂ ਲੇਕਿਨ
ਮੇਰਾ ਮਹਿਰਮ ਹੀ ਜ਼ਿੱਦਖੋਰਾ ਕਿ ਉਹ ਹਰ ਵਾਰ ਨਾ ਮੰਨਿਆਂ

ਮੈਂ ਟੁੱਟਣ ਦੀ ਬਜਾਏ ਝੁਕਣ ਨੂੰ ਪਰਵਾਨ ਕੀਤਾ ਸੀ
ਮੇਰੇ ਇਸ ਅਮਲ ਨੂੰ ਪਰ ਦੇਵ ਨੇ ਕਿਰਦਾਰ ਨਾ ਮੰਨਿਆਂ

•



## ਗ਼ਜ਼ਲ

ਇਹ ਕੰਮ ਲਗਦੈ ਕਜ਼ਾ ਤੋਂ ਬਾਅਦ ਹੋਣਾ
ਕਿ ਜਦ ਮੈਂ ਇਸ਼ਕ ਤੋਂ ਆਜ਼ਾਦ ਹੋਣਾ

ਨਾ ਦੁਨੀਆ ਵਿੱਚ ਯਾਰਾ ਫਿਰ ਮੈਂ ਆਉਣਾ
ਨ ਮੁੜ ਮੁੜ ਦੇਵ ਨੇ ਬਰਬਾਦ ਹੋਣਾ

ਗ਼ਲਤ-ਫ਼ਹਿਮੀ ਚ ਨਾ ਰਹਿਣਾ ਕਦੇ ਵੀ
ਕਿ ਕਰਨਾ ਇਸ਼ਕ ਤੇ ਫਿਰ ਸ਼ਾਦ ਹੋਣਾ

ਸਦਾ ਹੀ ਇਸ਼ਕ ਪਾਉਂਦੈ ਹੈ ਭੁਲੇਖੇ
ਹੋ ਕੇ ਆਬਾਦ ਫਿਰ ਬਰਬਾਦ ਹੋਣਾ

ਨਾ ਉਹ ਸੁਰ ਜੁੜਨਗੇ ਨਾ ਗੀਤ ਬਣਨੇ
ਰਫ਼ੀ ਪੈਦਾ ਨਾ ਅੱਜ ਤੋਂ ਬਾਅਦ ਹੋਣਾ

ਉਡਣਗੇ ਹਰ ਤਰਫ਼ ਆਜ਼ਾਦ ਪੰਛੀ
ਨਾ ਕੋਈ ਜਾਲ਼ ਨਾ ਸੱਯਾਦ ਹੋਣਾ

ਕਹਾਣੀ ਆਪਣੀ ਵੀ ਦੇਵ ਬਣਨੀ
ਕਿ ਆਪਣੇ ’ਤੇ ਵੀ ਹੈ ਸੰਵਾਦ ਹੋਣਾ

•

## ਗ਼ਜ਼ਲ

ਓਦਰੇ ਚਿਹਰੇ ਤੇ ਕੁਛ ਹਾਸੇ ਸਜਾਉਣੇ ਦੇ ਲਈ
ਜ਼ਿੰਦਗੀ ਤੂੰ ਆ ਕਦੀ ਮੈਨੂੰ ਮਨਾਉਣੇ ਦੇ ਲਈ

ਮੈਂ ਤਾਂ ਅਪਣੀ ਜਾਣ ਕੇ ਤੈਨੂੰ ਗਲ਼ੇ ਲਾਉਂਦਾ ਰਹਾਂ
ਪਰ ਤੂੰ ਹਰ ਹੀਲਾ ਕਰੇਂ ਮੈਨੂੰ ਰੁਵਾਉਣੇ ਦੇ ਲਈ

ਜੇ ਕਹੇਂ ਤਾਂ ਜਾਨ ਵੀ ਕੁਰਬਾਨ ਕਰ ਦੇਵਾਂ ਹੁਣੇ
ਖ਼ੁਦ ਨੂੰ ਵੇਚਾਂ ਮੈਂ ਤੇਰਾ ਕਰਜ਼ਾ ਚੁਕਾਉਣੇ ਦੇ ਲਈ

ਮੁੱਦਤਾਂ ਤੋਂ ਅੱਖੀਆਂ ਸੁੱਤੀਆਂ ਨਹੀਂ ਹਨ ਮੇਰੀਆਂ
ਕੀ ਕਰਾਂ ਜ਼ਿੱਦਖੋਰੀਆਂ ਨੂੰ ਹੁਣ ਸੁਆਉਣੇ ਦੇ ਲਈ

ਦੋ ਕੁ ਪਲ ਦਾ ਸਾਥ ਵੀ ਹੋਵੇ ਅਗਰ ਸੱਚੇ ਦਿਲੋਂ
ਉਮਰ ਲਗ ਜਾਂਦੀ ਹੈ ਯਾਦਾਂ ਨੂੰ ਮਿਟਾਉਣੇ ਦੇ ਲਈ

ਜਾਣਦਾਂ ਹਾਂ ਮੈਂ ਹਕੀਕਤ ਉਂਞ ਤਾਂ ਇਸ ਸੰਸਾਰ ਦੀ
ਭਰਮ ਚਾਹੀਦਾ ਕੋਈ ਉਮਰਾਂ ਬਿਤਾਉਣੇ ਦੇ ਲਈ

•



## ਗ਼ਜ਼ਲ

ਦੇਰ ਤੋਂ ਮੈਨੂੰ ਕਦੇ ਆਇਆ ਨਜ਼ਰ ਨਾ ਯਾਰ
ਵਿਛੜ ਕੇ ਉਸ ਤੋਂ ਮੇਰਾ ਹੁੰਦਾ ਬਸਰ ਨਾ ਯਾਰ

ਮੈਂ ਕਦੇ ਰੁਸਵਾ ਨਾ ਕੀਤਾ ਓਸ ਨੂੰ ਹੁਣ ਤਕ
ਫੇਰ ਵੀ ਲੈਂਦਾ ਕਦੇ ਮੇਰੀ ਖ਼ਬਰ ਨਾ ਯਾਰ

ਮੈਂ ਇਕੱਲਾ ਹੀ ਸਫ਼ਰ ਕਰਦਾ ਰਿਹਾ ਅੱਜ ਤੀਕ
ਜਿਸ ਨੇ ਬਣਨਾ ਸੀ ਉਹ ਬਣਿਆ ਹਮਸਫਰ ਨਾ ਯਾਰ

ਉਮਰ ਭਰ ਮੈਂ ਤਾਂ ਤਸੀਹੇ ਝੱਲਦਾ ਆਇਆਂ
ਫੇਰ ਵੀ ਮੁੱਕੇ ਕਦੇ ਤੇਰੇ ਜ਼ਬਰ ਨਾ ਯਾਰ

ਤੂੰ ਨਿਭਾਈ ਨਾ ਕਦੇ ਵੀ ਦੋਸਤੀ ਦਿਲ ਤੋਂ
ਆਪਣੇ ਵੱਲੋਂ ਮੈਂ ਤਾਂ ਛੱਡੀ ਕਸਰ ਨਾ ਯਾਰ

ਮੈਂ ਤਾਂ ਅਣਕੀਤੇ ਗੁਨਾਹ ਵੀ ਭੁਗਤਦਾ ਰਹਿਨਾ
ਮੇਰੇ ਵਰਗਾ ਲੱਭਣਾ ਤੈਨੂੰ ਬਸ਼ਰ ਨਾ ਯਾਰ

ਤੇਰੇ ਗ਼ਮ ਵਿਚ ਬੋਤਲਾਂ ਖ਼ਾਲੀ ਕਰੀ ਜਾਵੇ
ਦੇਵ ਉੱਤੇ ਪੀਣ ਦਾ ਹੋਵੇ ਅਸਰ ਨਾ ਯਾਰ

•

## ਗ਼ਜ਼ਲ

ਰੋਜ਼ ਹੀ ਮੈਂ ਅਪਣੀਆਂ ਰੀਝਾਂ ਨੂੰ ਜਲਦਾ ਦੇਖ ਕੇ
ਥਕ ਗਿਆ ਹਾਂ ਜ਼ਿੰਦਗੀ ਦਾ ਰੋਜ਼ ਜਲਵਾ ਦੇਖ ਕੇ

ਉਹ ਤਾਂ ਮੈਨੂੰ ਰੇਤ ਵਾਂਗੂੰ ਭੋਰ ਕੇ ਸੀ ਤੁਰ ਗਿਆ
ਹੋ ਰਿਹਾ ਹੈਰਾਨ ਜੋ ਮੈਨੂੰ ਸਬੂਤਾ ਦੇਖ ਕੇ

ਸਾਹਮਣੇ ਹੋਵੇ ਜਦੋਂ ਭੋਜਨ ਤਾਂ ਭੁਖ ਵਧਦੀ ਹੈ ਹੋਰ
ਇਸ ਤਰਾਂ ਤੇਹਾਂ ਵੀ ਜਾਗਦੀਆਂ ਨੇ ਦਰਿਆ ਦੇਖ ਕੇ

ਇਸ ਚ ਮੇਰੇ ਰਹਿਣ ਦੀ ਕੋਈ ਜਗ੍ਹਾ ਨਾ ਰਾਖਵੀਂ
ਮੈਂ ਬੜਾ ਹੈਰਾਨ ਉਸ ਦੇ ਦਿਲ ਦਾ ਨਕਸ਼ਾ ਦੇਖ ਕੇ

ਜਾਨ ਪਿਆਰੀ ਲੱਗਦੀ ਹੈ ਸਾਰਿਆਂ ਨੂੰ ਇਕ ਤਰ੍ਹਾਂ
ਉਡ ਗਏ ਸਾਰੇ ਪਰਿੰਦੇ ਸ਼ਜਰ ਡਿਗਦਾ ਦੇਖ ਕੇ

ਧੁੰਦ ਜੇਹੀ ਛਾ ਗਈ ਅੱਖਾਂ ਦੇ ਅੱਗੇ ਦੇਵ ਦੇ
ਹੱਥ ਉਸਦਾ ਗ਼ੈਰ ਦੇ ਹੱਥਾਂ 'ਚ ਫੜਿਆ ਦੇਖ ਕੇ

ਦੇਵ ਖ਼ੌਰੇ ਕਿਸ ਦੁਨੀਆ ਵਿਚ ਤੂੰ ਹੈ ਬਸ ਜੀ ਰਿਹੈਂ
ਮੇਰੀ ਮੇਰੀ ਕਰ ਰਿਹਾਂ ਫਰਿ ਵੀ ਦੁਨੀਆ ਦੇਖ ਕੇ

•



## ਗ਼ਜ਼ਲ

ਮੁਹੱਬਤ ਵਿਚ ਬਹਾਨੇ ਮਾਰਨੇ ਚੰਗੇ ਨਹੀਂ ਲਗਦੇ
ਨਾਲ ਪੈਸੇ ਦੇ ਕਰਾਏ ਫ਼ੈਸਲੇ ਚੰਗੇ ਨਹੀ ਲਗਦੇ

ਦਿਲਾਂ ਵਿਚ ਫ਼ਾਸਲੇ ਹੋ ਜਾਣ ਤਾਂ ਪਿਆਰ ਟੁਟ ਜਾਂਦੇ
ਤੇ ਟੁਟ ਕੇ ਫਿਰ ਜੁੜੇ ਰਿਸ਼ਤੇ ਕਦੇ ਚੰਗੇ ਨਹੀਂ ਲਗਦੇ

ਜਦੋਂ ਦਾ ਤੇਰੀਆਂ ਅੱਖਾਂ 'ਚੋਂ ਭਰਿਆ ਘੁੱਟ ਓ ਯਾਰਾ
ਉਦੋਂ ਤੋਂ ਹੀ ਅਸਾਨੂੰ ਮੈਅਕਦੇ ਚੰਗੇ ਨਹੀਂ ਲਗਦੇ

ਜੇ ਕੋਈ ਰੰਜ ਸੀ ਤਾਂ ਬੇਝਿਜਕ ਤੂੰ ਆਖਦਾ ਮੈਨੂੰ
ਇਹ ਗ਼ੈਰਾਂ ਹੱਥ ਉਲਾਹਮੇ ਭੇਜਣੇ ਚੰਗੇ ਨਹੀਂ ਲਗਦੇ

ਇਨ੍ਹਾਂ ਨਾਲੋਂ ਤਾਂ ਲੱਖ ਦਰਜੇ ਹੈ ਚੰਗਾ ਦੂਰ ਹੋ ਜਾਣਾ
ਬਣੇ ਉਤਲੇ ਮਨਾਂ ਤੋਂ ਰਾਬਤੇ ਚੰਗੇ ਨਹੀਂ ਲਗਦੇ

ਸਣੇ ਤੇਰੇ, ਤੇਰਾ ਆਲਾ ਦੁਆਲਾ ਵੀ ਹੈ ਪੱਥਰ ਦਾ
ਤੇਰੇ ਹੱਥਾਂ 'ਚ ਹੁਣ ਸ਼ੀਸ਼ੇ ਫੜੇ ਚੰਗੇ ਨਹੀਂ ਲਗਦੇ

ਜੇ ਤੈਨੂੰ ਇਸ਼ਕ ਹੈ ਤੁੰ ਆਪ ਹੀ ਇਜ਼ਹਾਰ ਕਰ ਲੈ ਦੇਵ
ਕਿਸੇ ਦੇ ਨਾਲ ਕਰਨੇ ਮਸ਼ਵਰੇ ਚੰਗੇ ਨਹੀਂ ਲਗਦੇ

•

## ਗ਼ਜ਼ਲ

ਪਿਆਰ ਨੇ ਮੈਨੂੰ ਸ਼ੁਦਾਈ ਤਾਂ ਬਣਾ ਦਿੱਤਾ ਹੈ
ਚੈਨ ਤਾਂ ਉਸ ਨੇ ਮੇਰੇ ਦਿਲ ਦਾ ਗੁਆ ਦਿੱਤਾ ਹੈ

ਵਕਤ ਹੁਣ ਉਸਦੇ ਤਸੱਵਰ ਵਿਚ ਗੁਜ਼ਰਦਾ ਲੇਕਿਨ
ਓਸਨੇ ਅਰਸੇ ਤੋਂ ਮਗਰ ਮੈਨੂੰ ਭੁਲਾ ਦਿੱਤਾ ਹੈ

ਹੋ ਕੇ ਬੇਜ਼ਾਰ ਕਦੇ ਮੈਨੂੰ ਮਿਲਣ ਤਾਂ ਆਵੇ
ਇਹ ਭਰਮ ਗਲਤ ਮੈਂ ਆਪੇ ਹੀ ਬਣਾ ਦਿੱਤਾ ਹੈ

ਉਸ ਦੀਆਂ ਯਾਦਾਂ ਸਹਾਰੇ ਹੀ ਬਸਰ ਕਰਦਾ ਹਾਂ
ਮੈਂ ਮੁਹੱਬਤ ਨੂੰ ਤਾਂ ਲੋਕਾਂ ਵਿਚ ਲੁਟਾ ਦਿੱਤਾ ਹੈ

ਮੇਰੇ ਮਰਨੇ ਦੀ ਖ਼ਬਰ ਸੁਣ ਕੇ ਉਹ ਸ਼ਾਇਦ ਆਵੇ
ਜ਼ਹਿਰ ਬੁੱਲਾਂ ਨੂੰ ਮੈਂ ਥੋੜਾ ਜਿਹਾ ਲਾ ਦਿੱਤਾ ਹੈ

ਹਾਲ ਮੇਰਾ ਹੀ ਸੁਣੋ ਤਸੀਂ ਇਹ ਜ਼ੁਬਾਨੀਂ ਮੇਰੀ
ਜੋ ਫ਼ਸਾਨਾ ਮੈਂ ਜ਼ਮਾਨੇ ਤੋਂ ਲੁਕਾ ਦਿੱਤਾ ਹੈ

•



## ਗ਼ਜ਼ਲ

ਕਿਵੇਂ ਮੈਂ ਮੁਸਕਰਾ ਸਕਦਾਂ ਕਦੀ, ਕੋਈ ਵਜ੍ਹਾ ਦੱਸੋ
ਭੁਲਾਵਾਂ ਗ਼ਮ ਕਿਵੇਂ ਹੁਣ, ਏਸਦੀ ਕੋਈ ਵਜ੍ਹਾ ਦੱਸੋ

ਹਨੇਰੀ ਸ਼ੂਕਦੀ ਆਵੇ, ਕਿ ਏਥੇ ਕੁਝ ਨਹੀਂ ਬਚਣਾ
ਕਿ ਪਰਲੇ ਪਾਰ ਲੱਗਣ ਦੀ, ਤੁਸੀਂ ਕੋਈ ਵਜ੍ਹਾ ਦੱਸੋ

ਅਰਸ਼ 'ਚੋਂ ਬੂੰਦ ਡਿਗ ਕੇ ਬਣ ਹੀ ਜਾਂਦੀ ਹੈ ਸਮੁੰਦਰ ਉਹ
ਉਸ ਨੂੰ ਮੋਤੀ ਬਣੋਣੇ ਦੀ ਤੁਸੀਂ ਕੋਈ ਵਜ੍ਹਾ ਦੱਸੋ

ਪਤਾ ਹੈ ਨਰਮ ਸੀ ਦਿਲ ਓਸ ਦਾ ਤਾਂ ਬਹੁਤ ਹੀ ਯਾਰਾ
ਮਗਰ ਪਰਖਣ ਲਈ ਇਸਨੂੰ ਤੁਸੀਂ ਕੋਈ ਵਜ੍ਹਾ ਦੱਸੋ

ਜੁ ਟੁਟਿਆ ਵਾਂਗ ਸ਼ੀਸੇ ਦੇ, ਵਿਚਾਰੇ ਦੇਵ ਦਾ ਦਿਲ ਸੀ
ਤੁਸੀਂ ਦਿਲ ਤੋੜਨੇ ਦੀ ਚੰਨ ਜੀ ਕੋਈ ਵਜ੍ਹਾ ਦੱਸੋ

•

## ਗ਼ਜ਼ਲ

ਸਿੱਲ੍ਹੀਆਂ ਤੇ ਬਿਰਧ ਅੱਖਾਂ ਨੂੰ ਨਾ ਹੁਣ ਪੂੰਝੇ ਕੋਈ
ਬੋਟ ਪਲ਼ ਕੇ ਉਡ ਗਏ, ਪੰਛੀ ਨੂੰ ਨਾ ਪੁੱਛੇ ਕੋਈ

ਡਾਲ੍ਹ ਉੱਤੇ ਫੁੱਲ ਖਿੜਿਆ ਦੇਖਦੇ ਰਹਿੰਦੇ ਨੇ ਸਭ
ਖ਼ੂਨ ਕਿਸ ਮਾਲੀ ਨੇ ਦਿੱਤਾ, ਇਹ ਵੀ ਤਾਂ ਸੋਚੇ ਕੋਈ

ਬੇਖ਼ੁਦੀ ਇਕ ਦੌੜ ਹੈ ਤੇ ਸਾਰੇ ਦੌੜੀ ਜਾ ਰਹੇ
ਸਭ ਅਗਾਂਹ ਨੂੰ ਦੇਖਦੇ, ਪਿੱਛੇ ਹੀ ਨਾ ਦੇਖੇ ਕੋਈ

ਦੂਰ ਤੋਂ ਹੀ ਫੋਨ ਕਰਦੇ, ਭੇਜਦੇ ਮੈਸੇਜ ਵੀ ਨੇ
ਹਾਲ ਮਾਂ ਦਾ ਕੋਲ ਆ ਕੇ ਨਾ ਕਦੇ ਜਾਣੇ ਕੋਈ

ਦੇਸ਼ ਦੀ ਸਰਕਾਰ ਵੀ ਗੁੰਗੀ ਤੇ ਬਹਿਰੀ ਹੋ ਗਈ
ਡਰਦਿਆਂ ਲੋਕਾਂ 'ਚੋਂ ਵੀ ਕਿਹੜਾ ਕਦੇ ਬੋਲੇ ਕੋਈ

•



## ਗ਼ਜ਼ਲ

ਮਾੜੀ ਮੋਟੀ ਗੱਲ ਅਪਣੇ ਦਿਲ ਤੇ ਲਾ ਕੇ ਬਹਿ ਗਇਓਂ
ਬੇਵਫ਼ਾ ਦੇ ਯਾਦ ਵਿਚ ਖ਼ੁਦ ਨੂੰ ਭੁਲਾ ਕੇ ਬਹਿ ਗਇਓਂ

ਮੰਨਿਆ, ਮਹਿਬੂਬ ਤੇਰਾ ਆ ਰਿਹਾ ਹੈ ਸ਼ਾਮ ਨੂੰ
ਤੂੰ ਦੁਪਹਿਰੇ ਦਿਨ ਦੇ ਕਿਉਂ ਦੀਵੇ ਜਗਾ ਕੇ ਬਹਿ ਗਇਓਂ

ਦੂਰ ਤਕ ਉਸ ਦਾ ਅਜੇ ਦਿਸਦਾ ਨਹੀਂ ਸਾਇਆ ਕੋਈ
ਤੂੰ ਤਾਂ ਰਾਹਾਂ ਤੇ ਹੁਣੇ ਹੀ ਫੁੱਲ ਵਿਛਾ ਕੇ ਬਹਿ ਗਇਓਂ

ਹਿਜਰ ਦੇ ਇਸ ਦੌਰ ਵਿਚ ਥੋੜ੍ਹਾ ਜਿਹਾ ਤਾਂ ਸਬਰ ਕਰ
ਵਸਲ ਦੇ ਸੁਪਨੇ ਕਿਉਂ ਪਹਿਲੋਂ ਹੀ ਸਜਾ ਕੇ ਬਹਿ ਗਇਓਂ

ਬੱਦਲਾਂ ਦੀ ਦੇਵ ਹਾਲੇ ਸੂਹ ਨਹੀਂ ਹੈ ਦੂਰ ਤਕ
ਤੂੰ ਭਲਾ ਕਿਉਂ ਬਾਰਸ਼ਾਂ ਦੀ ਆਸ ਲਾ ਕੇ ਬਹਿ ਗਇਓਂ

ਆਪਣੀ ਧੁਨ ਦਾ ਬੜਾ ਪੱਕਾ ਨਿਕਲਿਆ ਦੇਵ ਤੂੰ
ਓਸ ਦੇ ਬੂਹੇ ਤੇ ਫਿਰ ਧੂਣੀ ਰਮਾ ਕੇ ਬਹਿ ਗਇਓਂ

•

## .ਗ਼ਜ਼ਲ

ਖ਼ਾਬ ਹਮੇਸ਼ਾ ਲਾਉਣ ਉਡਾਰੀ ਅੱਖਾਂ ਵਿਚ
ਕਰਦੇ ਨੇ ਦਿਨ ਰਾਤ ਸਵਾਰੀ ਅੱਖਾਂ ਵਿਚ

ਪੁੱਛੋ ਨਾ ਦਿਨ ਕਿੱਦਾਂ ਬੀਤਣ ਬਿਨ ਉਸਦੇ
ਕਿੱਦਾਂ ਮੈਂ ਹਰ ਰਾਤ ਗੁਜਾਰੀ ਅੱਖਾਂ ਵਿਚ

ਰੋਕਦੀਆਂ ਸੀ ਅੱਖਾਂ ਹੰਝੂ ਵਗਣੇ ਤੋਂ
ਪਲਕਾਂ ਕੀਤੀ ਪਹਿਰੇਦਾਰੀ ਅੱਖਾਂ ਵਿਚ

ਇਹਦੇ ਉੱਤੇ ਤੇਰੇ ਨਾਂ ਦੇ ਫੁੱਲ ਖਿੜੇ
ਯਾਦਾਂ ਦੀ ਹੈ ਇਕ ਫੁਲਕਾਰੀ ਅੱਖਾਂ ਵਿਚ

ਨਜ਼ਰਾਂ ਅੱਗੇ ਘੁੰਮਣ ਕਿੰਨੇ ਹੀ ਮੰਜ਼ਰ
ਜਦ ਤੇਰੀ ਤਸਵੀਰ ਉਤਾਰੀ ਅੱਖਾਂ ਵਿਚ

ਪਿਆਰ ਮੁਹੱਬਤ ਰਿਸ਼ਤੇ ਨਾਤੇ ਸਭ ਝੂਠੇ
ਹਰਦਮ ਰਹਿੰਦੀ ਦੁਨੀਆਦਾਰੀ ਅੱਖਾਂ ਵਿਚ

ਮੰਨ ਲਿਆ ਹਰ ਬਾਜ਼ੀ ਤੈਂ ਹਾਰੀ ਦੇਵ
ਐਪਰ ਹੁਣ ਵੀ ਹੈ ਖ਼ੁਦਦਾਰੀ ਅੱਖਾਂ ਵਿਚ
•



## .ਗ਼ਜ਼ਲ

ਦੇਵ ਇਹ ਸ਼ਿਕਵਾ ਰਹੇਗਾ ਆਪਣੀ ਤਕਦੀਰ ਤੋਂ
ਮੁਕਤ ਹੋ ਸਕਿਆ ਕਦੇ ਨਾ, ਪਿਆਰ ਦੀ ਜ਼ੰਜੀਰ ਤੋਂ

ਚੈਨ ਤੇ ਖ਼ੁਸ਼ੀਆਂ ਸਦਾ ਖੋਂਹਦੇ ਰਹੇ ਨੇ ਸਭਦੀਆਂ
ਹੋਰ ਤੂੰ ਕੀ ਭਾਲ਼ਦੈਂ ਪੈਸੇ ਅਤੇ ਜਾਗੀਰ ਤੋਂ

ਹੋਰ ਮੈਂ ਲੈਣਾ ਵੀ ਕੀ ਕਾ.ਗਜ਼ ਦੇ ਇਸ ਟੁਕੜੇ ਤੋਂ ਹੁਣ
ਦਿਲ ਨੂੰ ਮਿਲਦਾ ਹੈ ਸਹਾਰਾ ਬਸ ਤੇਰੀ ਤਸਵੀਰ ਤੋਂ

ਜ਼ਖ਼ਮ ਵਿੱਚੋਂ ਰੱਤ ਨਿਕਲ਼ੇ, ਇਹ ਜ਼ਰੂਰੀ ਤਾਂ ਨਹੀਂ
ਵੇਖਿਓ ਹੋ ਕੇ ਕਦੇ ਘਾਇਲ, ਨਜ਼ਰ ਦੇ ਤੀਰ ਤੋਂ

ਤਿੱਖੀਆਂ ਪੈੜਾਂ ਦੇ ਦਿੱਤੇ ਦਰਦ ਸਾਰੇ ਭੁਲ ਗਿਆ
ਦਰਦ ਦੇ ਕਿੱਸੇ ਸੁਣੇਂ ਰਸਤੇ ਨੇ ਜਦ ਰਾਹਗੀਰ ਤੋਂ

ਖ਼ੁਦਕੁਸ਼ੀ ਦੀ ਸੋਚ ਜੇ, ਆਵੇ ਕਦੇ ਵੀ ਜਹਿਨ ਵਿਚ
ਦਰਦ ਸਹਿਣੇ ਸਿਖ ਲਵੋ, ਯਾਰੋ ਕਿਸੇ ਦਿਲਗੀਰ ਤੋਂ
•

## ਗ਼ਜ਼ਲ

ਜਜ਼ਬੇ ਤੂੰ ਸ਼ੌਂਕ ਵਾਲ਼ੇ ਭਾਵੇਂ ਹਜ਼ਾਰ ਰੱਖੀਂ
ਨਫ਼ਰਤ ਨੂੰ ਜ਼ਿੰਦਗੀ ਚੋਂ ਪਰ ਦਰਕਿਨਾਰ ਰੱਖੀਂ

ਜੀਉਣਾ ਜੇ ਕਰ ਖ਼ੁਸ਼ੀ ਵਿਚ ਤਾਂ ਮਸ਼ਵਰਾ ਹੈ ਯਾਰਾ
ਖੇੜੇ ਸਜਾ ਕੇ ਦਿਲ ਵਿਚ ਨੈਣੀਂ ਖ਼ੁਮਾਰ ਰੱਖੀਂ

ਆਥਣ ਗ਼ਮਾਂ ਦੀ ਹੋਵੇ ਤਾਂ ਮੁਖ ਤੇ ਚੁੱਪ ਸਜਾਈਂ
ਗੀਤਾਂ ਦੇ ਮੁਖੜਿਆਂ ਨੂੰ ਐਪਰ ਸਵਾਰ ਰੱਖੀਂ

ਭੈੜੇ ਕਿਸੇ ਵੀ ਕੰਮ ਤੋਂ ਦੂਰੀ ਬਣਾ ਲਈਂ ਤੂੰ
ਹਰ ਹਾਲ ਵਿਚ ਸਚਾਈ ਤੂੰ ਬਰਕਰਾਰ ਰੱਖੀਂ

ਮਾੜੇ ਹਲਾਤ ਅੰਦਰ ਬੰਦਾ ਨਾ ਡੋਲ ਜਾਵੇ
ਪਗੜੀ ਸਦਾ ਸਲਾਮਤ ਪਰਵਰਦਗਾਰ ਰੱਖੀਂ

ਲੋਕਾਂ ਦੇ ਦਿਲ ਚ ਕੀ ਹੈ, ਸੋਚੀਂ ਨਾ ਇਹ ਕਦੇ ਵੀ
ਕੋਸਸ਼ਿ ਕਰੀਂ ਕਿ ਅਪਣੇ ਦਿਲ ਵਿਚ ਤੂੰ ਪਿਆਰ ਰੱਖੀਂ

ਐਵੇਂ ਨਾ ਸਿਰ ਝੁਕਾਵੀਂ ਅੱਗੇ ਜਣੇ ਖਣੇ ਦੇ
ਮੱਥਾ ਐ ਦੇਵ ਜਾ ਕੇ ਰੱਬ ਦੇ ਦੁਆਰ ਰੱਖੀਂ

•



## ਗ਼ਜ਼ਲ

ਵਕਤ ਦੀ ਕਾਪੀ ਚੋਂ ਸਾਰੇ ਹਸ਼ੀਏ ਬਦਲੇ
ਤੋਰ ਕੇ ਤੈਨੂੰ ਮੈਂ ਅਪਣੇ ਫੈਸਲੇ ਬਦਲੇ

ਭੁੱਲ ਕੇ ਤੈਨੂੰ ਤੋੜ ਦਿੱਤੀਆਂ ਅਪਣੀਆਂ ਕਸਮਾਂ
ਮੈਂ ਪੁਰਾਣੀ ਸੋਚ ਦੇ ਸਭ ਜਾਵੀਏ ਬਦਲੇ

ਦੋ ਕਦਮ ਤੁਰਿਆ ਸੀ ਤੇਰੇ ਨਾਲ ਜਿੱਥੇ ਵੀ
ਹੌਲੀ ਹੌਲੀ ਮੈਂ ਉਹ ਸਾਰੇ ਰਾਸਤੇ ਬਦਲੇ

ਹੁਣ ਭੁਲਾਉਂਦਾ ਹਾਂ ਮੈਂ ਤੈਨੂੰ ਜਾਮ ਲਾ ਕੇ ਹੀ
ਹਿਜਰ ਤੋਂ ਛੁੱਟਣ ਦੇ ਵੀ ਮੈਂ ਪੈਂਤਰੇ ਬਦਲੇ

ਆਫ਼ਤਾਂ ਆਈਆਂ ਬਹੁਤ ਤੇਰੇ ਜਾਣ ਮਗਰੋਂ ਜਦ
ਮੈਂ ਟਿਕਾਣੇ ਆਪਣੇ ਦਿਲ ਖੋਲ ਕੇ ਬਦਲੇ

ਮਹਿਕ ਤੇਰੀ ਆ ਰਹੀ ਸੀ ਜਿਹਨਾਂ ਚੋਂ ਮੈਨੂੰ
ਹਾਰ ਕੇ ਅਪਣੇ ਮੈਂ ਸਾਰੇ ਕੱਪੜੇ ਬਦਲੇ

•

## ਗ਼ਜ਼ਲ

ਮੁਹੱਬਤ ਮੇਰੀ ਦਾ, ਬਸ ਆਖ਼ਰੀ ਹਾਸਲ, ਤੂੰ ਹੀ ਤਾਂ ਸੀ
ਸਫ਼ਰ ਵੀ ਤੂੰ, ਮੁਸਾਫ਼ਰ ਵੀ ਤੂੰ, ਤੇ ਮੰਜ਼ਲ, ਤੂੰ ਹੀ ਤਾਂ ਸੀ

ਲਕੀਰਾਂ ਕਿਉਂ ਨਜੂਮੀ ਨੂੰ ਵਿਖਾਉਂਦਾ ਹੈਂ ਮੇਰੇ ਯਾਰਾ
ਤੂੰ ਮੇਰਾ ਅੱਜ ਵੀ, ਤੇ ਕੱਲ੍ਹ ਮੁਸਤਕਬਿਲ, ਤੂੰ ਹੀ ਤਾਂ ਸੀ

ਨਾ ਜਾਣਾ, ਰਹਿ ਗਏ ਕਿੰਨੇ, ਅਧੂਰੇ ਖ਼ਾਬ ਜੀਵਨ ਵਿਚ
ਹਜ਼ਾਰਾਂ ਵਿਚ, ਜੋ ਹੋਇਆ ਖ਼ਾਬ ਇਕ ਕਾਮਲ, ਤੂੰ ਹੀ ਤਾਂ ਸੀ

ਤੂੰ ਬਿਹਤਰ ਸਮਝਦਾ ਸੀ, ਮੇਰੀ ਖ਼ਾਮੋਸ਼ੀ ਦੀਆਂ ਰਮਜ਼ਾਂ
ਕੀ ਦੱਸਾਂ, ਦੇਵ ਦੇ ਸਾਹਾਂ 'ਚ ਜੋ ਵਸਦਾ, ਤੂੰ ਹੀ ਤਾਂ ਸੀ

ਸਮੁੰਦਰ ਵੀ ਤੂੰ ਭੰਵਰ ਵੀ ਤੂੰ ਤੇ ਸੈਲਾਬ ਵੀ ਯਾਰਾ
ਸੀ ਮਾਂਝੀ, ਜ਼ਿੰਦਗੀ ਮੇਰੀ ਦਾ, ਤੇ ਸਾਹਿਲ, ਤੂੰ ਹੀ ਤਾਂ ਸੀ



ਖ਼ੁਦਾ ਦੇ ਕਰਮ ਨਾ', ਇਕ ਸੋਹਣਾ ਸੀ ਤੋਹਫ਼ਾ ਮਿਲਿਆ
ਜੋ ਹੀਰਾ ਕੀਮਤੀ, ਹੋਇਆ ਮੈਨੂੰ ਹਾਸਲ, ਤੂੰ ਹੀ ਤਾਂ ਸੀ

ਮੇਰੇ ਤਾਂ, ਇਮਤਿਹਾਨਾਂ ਦੀ ਪਰਖ ਦਾ, ਤੂੰ ਨਤੀਜਾ ਸੀ
ਦਿਸ਼ਾ ਹਰ ਇਕ ਤੋਂ, ਹਰਦਮ, ਪਿਆਰ ਦੇ ਕਾਬਲ, ਤੂੰ ਹੀ ਤਾਂ ਸੀ

ਤੂੰ ਕੀਤਾ, ਹੁਸਨ ਦੀ ਦੌਲਤ ਤੋਂ, ਮਾਲਾ-ਮਾਲ ਸੀ ਮੈਨੂੰ
ਸੀ ਖਿੜਿਆ ਖ਼ਾਬ ਵਿਚ ਬਾਰਸ਼ ਦੇ ਜੋ ਕੰਵਲ, ਤੂੰ ਹੀ ਤਾਂ ਸੀ

ਇਕਲਾਪੇ ਦਾ, ਜੋ ਸੈਲਾਨੀ ਅਜੇ ਤਕ ਯਾਦ ਵਿਚ ਵਸਦਾ
ਅਜ਼ਲ ਤੋਂ ਅੱਜ ਤਕ, ਜੋ ਦੇਵ ਵਿਚ ਸ਼ਾਮਿਲ, ਤੂੰ ਹੀ ਤਾਂ ਸੀ

•

## ਗ਼ਜ਼ਲ

ਯਾਰ ਸਾਰੇ ਹੀ ਜ਼ਮਾਨੇ ਤੋਂ ਨਿਰਾਲੇ ਖ਼ਤ ਤੇਰੇ
ਨ੍ਹੇਰਿਆਂ ਵਿਚ ਰੋਜ਼ ਦਿੰਦੇ ਨੇ ਉਜਾਲੇ ਖ਼ਤ ਤੇਰੇ

ਜਦ ਵੀ ਯਾਦਾਂ ਤੇਰੀਆਂ ਨੇ ਮੈਨੂੰ ਕੀਤਾ ਗ਼ਮਜ਼ਦਾ
ਘਰ ਦਿਆਂ ਤੋਂ ਲੁਕ ਲੁਕਾ ਕੇ ਫੇਰ ਭਾਲੇ ਖ਼ਤ ਤੇਰੇ

ਰਾਤ ਦੀ ਕਾਲ਼ਖ ਚ ਭਿੱਜੇ ਨੇ ਅਨੇਕਾਂ ਵਾਰ ਹੀ
ਹੋਰ ਐਵੇਂ ਤਾਂ ਨਹੀਂ ਹੋਏ ਨੇ ਕਾਲੇ ਖ਼ਤ ਤੇਰੇ

ਤੂੰ ਤਾਂ ਮੈਨੂੰ ਅਜ਼ਲ ਤੋਂ ਮਿਲਿਆ ਨਹੀਂ ਮੁੜ ਕੇ ਕਦੇ
ਸਮਝ ਨਾ ਆਉਂਦੀ ਕਰਾਂ ਕਿਸ ਦੇ ਹਵਾਲੇ ਖ਼ਤ ਤੇਰੇ

ਜਦ ਵੀ ਇਨ੍ਹਾਂ ਨੂੰ ਪੜ੍ਹਾਂ ਆਰਾਮ ਆਵੇ ਦਰਦ ਨੂੰ
ਜਾਪਦੇ ਮੈਨੂੰ ਤਾਂ ਸਾਕੀ ਦੇ ਪਿਆਲੇ ਖ਼ਤ ਤੇਰੇ

ਜਿਸ ਤਰ੍ਹਾਂ ਜੌਹਰੀ ਹਮੇਸ਼ਾ ਹੀਰਿਆਂ ਨੂੰ ਸਾਂਭਦੇ
ਦੇਵ ਮੈਂ ਵੀ ਇਸ ਤਰ੍ਹਾਂ ਹੁਣ ਤਕ ਸੰਭਾਲੇ ਖ਼ਤ ਤੇਰੇ

●●●